
# ਧਰਮ ਪੋਥੀ

ਨੰਬਰ
੧



# ਤਤਕਰਾ


| | |
|---|---|
| ੧. ਗੁਰੂ ਤੇ ਸਿੱਖ | ੫ |
| ੨. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਲ ਲੀਲ੍ਹਾ | ੧੧ |
| ੩. ਸੱਪ ਨੇ ਛਾਂ ਕਰਨੀ | ੧੮ |
| ੪. ਗੁਰੂ ਜੀ ਨੇ ਖੇਤੀ ਬੀਜਣੀ, ਰੁੱਖ ਦੀ ਛਾਂ ਟਿਕੀ | ੨੨ |
| ੫. ਗੁਰੂ ਜੀ ਨੇ ਸੱਚਾ ਸੌਦਾ ਕਰਨਾ | ੨੭ |
| ੬. ਗੁਰੂ ਜੀ ਸੱਚਾ ਸੌਦਾ ਕਰਕੇ ਮੁੜੇ | ੩੩ |
| ੭. ਗੁਰੂ ਜੀ ਨੇ ਸੁਲਤਾਨਪੁਰ ਜਾਣਾ | ੩੯ |
| ੮. ਗੁਰੂ ਜੀ ਨੇ ਮੋਦੀਖ਼ਾਨਾ ਚਲਾਉਣਾ | ੪੫ |
| ੯. ਭਗੀਰਥ ਦਾ ਗੁਰੂ ਨਾਨਕ ਦੇਵ ਜੀ ਪਾਸ ਆਉਣਾ | ੫੨ |
| ੧੦. ਭਾਈ ਮਰਦਾਨੇ ਦਾ ਗੁਰੂ ਜੀ ਪਾਸ ਆਉਣਾ | ੫੬ |
| ੧੧. ਗੁਰੂ ਨਾਨਕ ਦੇਵ ਜੀ ਦਾ ਵਿਆਹ | ੬੩ |
| ੧੨. ਗੁਰੂ ਨਾਨਕ ਦੇਵ ਜੀ ਵੇਈਂ ਰਾਹੀਂ ਸੱਚਖੰਡ ਗਏ | ੬੯ |
| ੧੩. ਗੁਰੂ ਜੀ ਨੇ ਮਸੀਤ ਵਿਚ ਜਾ ਕੇ ਅੰਤਰ ਜਾਮਤਾ ਦਿਖਾਈ | ੮੦ |
| ੧੪. ਰਬਾਬ ਲਿਆਉਣ ਦੀ ਸਾਖੀ | ੮੭ |

## ਪਾਠ ੧

# ਗੁਰੂ ਤੇ ਸਿੱਖ

ਅਧਿਆਪਕ—ਬੱਚਿਓ! ਦੱਸੋ ਗੁਰੂ ਨਾਨਕ ਦੇਵ ਜੀ ਕੌਣ ਸਨ ?

ਬਾਲਕ—ਜੀ! ਗੁਰੂ ਨਾਨਕ ਦੇਵ ਜੀ ਨੂੰ ਕੌਣ ਨਹੀਂ ਜਾਣਦਾ। ਉਹ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ।

ਦੂਜਾ ਬਾਲਕ—ਜੀ! ਗੁਰੂ ਕਿਸਨੂੰ ਕਹਿੰਦੇ ਹਨ ?

ਅਧਿਆਪਕ—ਆਮ ਤੌਰ 'ਤੇ ਸਿੱਖਿਆ ਜਾਂ ਮੱਤ ਦੇਣ ਵਾਲੇ ਹਰੇਕ ਨੂੰ ਗੁਰੂ ਆਖੀਦਾ ਹੈ। ਪਰ ਸਾਡੇ ਸਿੱਖ ਧਰਮ ਵਿਚ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸਾਂ ਹੀ ਪਾਤਿਸ਼ਾਹੀਆਂ ਨੂੰ ਇਕੋ ਹੀ ਗੁਰੂ ਨਾਨਕ ਦੇਵ ਜੀ ਦੀ ਜੋਤ ਸਮਝ ਕੇ ਗੁਰੂ ਮੰਨਦੇ ਹਨ।

ਬਾਲਕ—ਗੁਰੂ ਸਾਹਿਬ ਤਾਂ ਹੁਣ ਸੱਚਖੰਡ ਨੂੰ

ਵਾਪਸ ਚਲੇ ਗਏ ਹਨ। ਸਿੱਖਾਂ ਪਾਸ ਹੁਣ ਕਿਹੜਾ ਗੁਰੂ ਹੈ ?

ਅਧਿਆਪਕ—ਹੁਣ ਸਿੱਖਾਂ ਦੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸੰਮਤ ੧੭੬੫ ਬਿਕ੍ਰਮੀ ੪ ਕੱਤਕ, ਕੱਤਕ ਸੂਦੀ ਦੂਜ ਮੁਤਾਬਿਕ ੪ ਅਕਤੂਬਰ ੧੭੦੮ ਈ:, ਪੰਜਾਂ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਖੜ੍ਹੇ ਕਰਕੇ ਸਦਾ ਵਾਸਤੇ ਗੁਰਤਾ ਗੱਦੀ ਦੇ ਕੇ ਕਿਹਾ, ਇਹਨਾਂ ਵਿਚ ਅਸੀਂ ਆਪਣੀ ਜੋਤ ਟਿਕਾ ਦਿੱਤੀ ਹੈ। ਇਹ ਸਾਡਾ ਸਰੂਪ ਹਨ। ਅਤੇ ਹੁਕਮ ਕੀਤਾ ਕਿ ਸਾਰੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨੋ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਹੀ ਪਾਤਿਸ਼ਾਹੀਆਂ ਦੀ ਜੋਤ ਜਾਂ ਦਸਾਂ ਹੀ ਪਾਤਿਸ਼ਾਹੀਆਂ ਦਾ ਸਰੂਪ ਕਹਿੰਦੇ ਹਨ। ਹੁਣ ਸਿੱਖਾਂ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਸਾਰੇ ਬਾਲਕ—ਮਾਸਟਰ ਜੀ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਕਿਸਨੇ ਲਿਖਿਆ ?

ਅਧਿਆਪਕ—ਬੱਚਿਓ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਗੁਰਦੁਆਰਾ ਰਾਮਸਰ ਵਾਲੇ ਅਸਥਾਨ 'ਤੇ ਲਿਖਵਾ ਕੇ ਸੰਮਤ ੧੬੬੧ ਬਿਕ੍ਰਮੀ ਵੀਰਵਾਰ ੧੭ ਹਾੜ ਭਾਦਰੋਂ ਸੁਦੀ [ਏਕਮ ਮੁਤਾਬਿਕ ੧੬ ਅਗਸਤ, ੧੬੦੪ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲਾ ਪ੍ਰਕਾਸ਼ ਕੀਤਾ ।]

ਬਾਲਕ—ਮਾਸਟਰ ਜੀ ! ਸਾਨੂੰ ਦਸਾਂ ਗੁਰੂ ਸਾਹਿਬ ਜੀ ਦੇ ਨਾਮ ਦਸੋ ?

ਅਧਿਆਪਕ—ਬਾਲਕੋ ! ਸਿੱਖ ਆਪਣੇ ਗੁਰੂ ਸਾਹਿਬਾਂ ਨੂੰ ਪਾਤਿਸ਼ਾਹੀਆਂ ਵੀ ਆਖਦੇ ਹਨ। ਦਸਾਂ ਗੁਰੂ ਸਾਹਿਬਾਂ ਜੀ ਦੇ ਨਾਮ ਇਸ ਤਰ੍ਹਾਂ ਹਨ :

ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ
ਦੂਸਰੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ
ਤੀਸਰੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ
ਚੌਥੀ ਪਾਤਿਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ
ਪੰਜਵੀਂ ਪਾਤਿਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ
ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸੱਤਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ
ਅੱਠਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
ਨੌਵੀਂ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਦਸਵੀਂ ਪਾਤਿਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦਸਾਂ ਪਾਤਿਸ਼ਾਹੀਆਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਬਾਲਕ—ਜੀ! ਸਿੱਖ ਕਿਸ ਨੂੰ ਕਹਿੰਦੇ ਹਨ?

ਅਧਿਆਪਕ—ਜੋ ਦਸਾਂ ਸਤਿਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਜਾਂ ਸਿੱਖਿਆਵਾਂ ਨੂੰ ਮੰਨਦਾ ਹੈ। ਹੋਰ ਕਿਸੇ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ। ਪਰ ਬਾਲਕੋ! ਇਕ ਸਵਾਲ ਮੈਂ ਵੀ ਪੁੱਛਾਂ?

ਸਾਰੇ ਬਾਲਕ—ਪੁੱਛੋ ਜੀ! ਜ਼ਰੂਰ ਪੁੱਛੋ।

ਅਧਿਆਪਕ—ਦੱਸੋ ਸਿੱਖ ਦੀ ਕੀ ਪਛਾਣ ਹੁੰਦੀ ਹੈ? ਕਿਸੇ ਨੂੰ ਵੇਖ ਕੇ ਕਿਵੇਂ ਬੁੱਝੋਗੇ ਕਿ ਉਹ ਸਿੱਖ ਹੈ ਜਾਂ ਕੋਈ ਹੋਰ।

ਸਾਰੇ ਬਾਲਕ—ਜੀ! ਇਹ ਵੀ ਕੋਈ ਲੁਕੀ ਛੁਪੀ ਗੱਲ ਹੈ। ਸਿੱਖਾਂ ਦੇ ਸਿਰ ਉੱਤੇ ਕੇਸ ਹੁੰਦੇ ਹਨ,

ਮੂੰਹ ਉੱਤੇ ਦਾੜ੍ਹੀ। ਬੱਸ ਇਹੋ ਹੀ ਸਿੱਖ ਦੀ ਪਛਾਣ ਹੁੰਦੀ ਹੈ।

ਅਧਿਆਪਕ—ਤੁਸੀਂ ਗੱਲ ਤਾਂ ਠੀਕ ਆਖੀ ਹੈ। ਪਰ ਕੇਸਾਂ ਤੇ ਦਾੜ੍ਹੀ ਤੋਂ ਬਿਨਾਂ ਹੋਰ ਵੀ ਨਿਸ਼ਾਨੀਆਂ ਹੁੰਦੀਆਂ ਹਨ, ਸਿੱਖਾਂ ਨੂੰ ਪਛਾਨਣ ਦੀਆਂ। ਦੱਸੋ ਉਹ ਕਿਹੜੀਆਂ ਹਨ ?

ਬਾਲਕ—ਜੀ ! ਸਿੱਖ ਕੇਸਾਂ ਵਿਚ ਕੰਘਾ ਰੱਖਦੇ ਹਨ। ਹੱਥੀਂ ਲੋਹੇ ਦਾ ਕੜਾ ਪਾਉਂਦੇ ਹਨ, ਤੇੜ ਕਛਹਿਰਾ ਪਾਉਂਦੇ ਹਨ ਅਤੇ ਕ੍ਰਿਪਾਨ ਵੀ ਪਾਉਂਦੇ ਹਨ।

ਅਧਿਆਪਕ—ਤੁਸੀਂ ਬੜੇ ਸਿਆਣੇ ਹੋ। ਤਾਂ ਸਿੱਖਾਂ ਨੂੰ ਪਛਾਨਣ ਦੀਆਂ ਪੰਜ ਨਿਸ਼ਾਨ਼ੀਆਂ ਹੋਈਆਂ— (੧) ਕੇਸ (ਦਾੜ੍ਹੀ), (੨) ਕੰਘਾ, (੩) ਕੜਾ, (੪) ਕਛਹਿਰਾ, (੫) ਕ੍ਰਿਪਾਨ। ਇਹਨਾਂ ਪੰਜਾਂ ਦੇ ਮੁੱਢ ਵਿਚ 'ਕ' ਅੱਖਰ ਲਗਦਾ ਹੈ।

ਇਸ ਲਈ ਇਨ੍ਹਾਂ ਨੂੰ ਪੰਜ ਕੱਕੇ ਜਾਂ ਪੰਜ ਕਕਾਰ ਵੀ ਆਖਦੇ ਹਨ। ਹਰੇਕ ਸਿੱਖ ਪਾਸ ਇਹ ਕਕਾਰ ਹੋਣੇ ਜ਼ਰੂਰੀ ਹਨ।

# ਪ੍ਰਸ਼ਨ

੧. ਗੁਰੂ ਕਿਸ ਨੂੰ ਆਖਦੇ ਹਨ ?

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਹੜੇ ਗੁਰੂ ਜੀ ਨੇ ਲਿਖਾਏ ਅਤੇ ਕਿੱਥੇ ਲਿਖੇ ?

੩. ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਦੋਂ ਕੀਤਾ ?

੪. ਗੁਰੂ ਸਾਹਿਬਾਂ ਦੇ ਨਾਮ ਕੰਠ ਕਰੋ ਤੇ ਦੱਸੋ ?

੫. ਸ਼ਿੱਖਾਂ ਦਾ ਹੁਣ ਗੁਰੂ ਕੌਣ ਹੈ ?

੬. ਸਿੱਖ ਕਿਸ ਨੂੰ ਆਖਦੇ ਹਨ ਤੇ ਸਿੱਖੀ ਦੀਆਂ ਕੀ ਨਿਸ਼ਾਨੀਆਂ ਹਨ ?

## ਪਾਠ ੨

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਲ ਲੀਲ੍ਹਾ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਇ ਭੋਇ ਦੀ ਤਲਵੰਡੀ ਵਿਚ ਸੰਮਤ ੧੫੨੬ ਬਿਕ੍ਰਮੀ ੨੧ ਕੱਤਕ (ਕੱਤਕ ਦੀ ਪੂਰਨਮਾਸ਼ੀ) ਮੁਤਾਬਿਕ ੧੪੬੯ ਈ: ੨੦ ਅਕਤੂਬਰ, ਨੂੰ ਅਵਤਾਰ ਧਾਰਿਆ। ਉਹ ਅਸਥਾਨ ਹੁਣ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਬਾਅਦ ਰਾਇ ਬੁਲਾਰ ਨੇ ਰਾਇ ਭੋਇ ਦੀ ਤਲੰਵਡੀ ਦਾ ਨਾਮ ਬਦਲ ਕੇ ਨਨਕਾਣਾ ਸਾਹਿਬ ਰੱਖ ਦਿੱਤਾ। ਗੁਰੂ ਜੀ ਦੇ ਪਿਤਾ ਜੀ ਦਾ ਨਾਮ ਮਹਿਤਾ ਕਲਿਆਣ ਚੰਦ ਜੀ ਸੀ। ਆਮ ਕਰਕੇ ਉਨ੍ਹਾਂ ਨੂੰ ਮਹਿਤਾ ਕਾਲੂ ਹੀ ਸੱਦਿਆ ਜਾਂਦਾ ਸੀ। ਗੁਰੂ ਜੀ ਦੀ ਮਾਤਾ ਦਾ ਨਾਮ ਮਾਤਾ ਤ੍ਰਿਪਤਾ ਜੀ ਸੀ। ਉਨ੍ਹਾਂ ਦੀ ਇਕ ਭੈਣ ਸੀ। ਉਹ ਉਮਰ ਵਿਚ ਉਨ੍ਹਾਂ ਨਾਲੋਂ ਪੰਜ

ਸਾਲ ਵੱਡੀ ਸੀ। ਉਸਦਾ ਨਾਮ ਬੇਬੇ ਨਾਨਕੀ ਜੀ ਸੀ। ਆਪ ਜੀ ਦੇ ਚਾਚਾ ਜੀ ਦਾ ਨਾਮ ਲਾਲਚੰਦ ਜੀ ਸੀ।

ਗੁਰੂ ਜੀ ਦਾ ਦਾਦਕਾ ਪਿੰਡ ਡੇਰਾ ਸਾਹਿਬ (ਪੱਠੇ ਵਿੰਡ), ਜੋ ਜ਼ਿਲ੍ਹਾ ਅੰਮ੍ਰਿਤਸਰ ਵਿਚ ਤਰਨਤਾਰਨ ਸਾਹਿਬ ਤੋਂ ਵੀਹ ਕੁ ਕਿਲੋਮੀਟਰ ਦੂਰ ਹੈ। ਆਪ ਜੀ ਦੇ ਨਾਨਕੇ ਲਾਹੌਰ ਤੋਂ ਘਵਿੰਡੀ ਜਾਂਦਿਆਂ ੩੫ ਕਿਲੋਮੀਟਰ ਦੂਰ ਪਿੰਡ ਡੇਹਰਾ ਚਾਹਲ ਵਿਚ ਸਨ। ਬੇਬੇ ਨਾਨਕੀ ਜੀ ਦਾ ਜਨਮ ਨਾਨਕੇ ਪਿੰਡ ਹੀ ਹੋਇਆ। ਗੁਰੂ ਜੀ ਦੇ ਇਥੇ ਨਾਨਕੇ ਹੋਣ ਕਰਕੇ ਕਈ ਵਾਰੀ ਚਰਨ ਪਾਏ। ਗੁਰੂ ਜੀ ਦੇ ਨਾਨਾ ਭਾਈ ਰਾਮਾ ਜੀ, ਨਾਨੀ ਭਿਰਾਈ ਜੀ, ਮਾਮਾ ਕ੍ਰਿਸ਼ਨਾ ਜੀ ਸਨ।

ਗੁਰੂ ਨਾਨਕ ਦੇਵ ਜੀ ਜਦੋਂ ਪੰਜ ਕੁ ਸਾਲ ਦੇ ਹੋਏ ਤਾਂ ਆਪ ਜੀ ਹਾਣੀ ਬਾਲਕਾਂ ਨਾਲ ਖੇਡਦੇ ਅਤੇ ਮੂੰਹੋਂ ਭਾਓ-ਭਗਤੀ ਦੇ ਬਚਨ ਕਰਦੇ ਰਹਿੰਦੇ ਸਨ। ਬਾਲਕ ਪ੍ਰੇਮ ਨਾਲ ਗੁਰੂ ਜੀ ਦੇ ਬਚਨ ਸੁਣ ਕੇ, ਆਪ ਜੀ ਦੀ ਸੰਗਤ ਨਹੀਂ ਛੱਡਦੇ ਸਨ। ਆਉਂਦੇ ਜਾਂਦੇ ਮਨੁੱਖ ਵੀ ਗੁਰੂ ਜੀ ਦੇ ਮਿੱਠੇ ਬਚਨ ਸੁਣ ਕੇ ਆਖਦੇ ਇਹ ਬਾਲਕ ਬਾਲ ਉਮਰ

ਵਿਚ ਅਮੋਲਕ ਬਚਨ ਬੋਲ ਰਿਹਾ ਹੈ। ਜਦ ਗੁਰੂ ਜੀ ਪੜ੍ਹਨ ਦੇ ਲਾਇਕ ਹੋਏ ਤਾਂ ਉਨ੍ਹਾਂ ਨੂੰ ਪਹਿਲਾਂ ਪਿਤਾ ਜੀ ਨੇ ਗੋਪਾਲ ਦੱਤ ਪਾਂਧੇ ਪਾਸ ਪੜ੍ਹਨੇ ਪਾਇਆ। ਦੋ ਕੁ ਦਿਨ ਗੁਰੂ ਜੀ ਪਾਂਧੇ ਪਾਸ ਪੜ੍ਹਦੇ ਰਹੇ। ਤੀਸਰੇ ਦਿਨ ਗੁਰੂ ਜੀ ਨੇ ਬਾਣੀ ਉਚਾਰ ਕੇ ਉਸ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ। ਪਾਂਧੇ ਨੇ ਬਾਬਾ ਕਾਲੂ ਜੀ ਨੂੰ ਕਿਹਾ, ਤੁਹਾਡੇ ਪੁੱਤਰ ਨੇ ਪਹਿਲਾਂ ਹੀ ਸਭ ਕੁਝ ਪੜ੍ਹਿਆ ਹੋਇਆ ਹੈ। ਇਸ ਨੂੰ ਪੜ੍ਹਨ ਦੀ ਕੋਈ ਲੋੜ ਨਹੀਂ।

ਫਿਰ ਪਿਤਾ ਜੀ ਨੇ ਗੁਰੂ ਜੀ ਨੂੰ ਨੂਰਦੀਨ ਮੁੱਲਾਂ ਪਾਸ ਫ਼ਾਰਸੀ ਪੜ੍ਹਨੇ ਪਾਇਆ। ਦੋ ਕੁ ਦਿਨ ਪੜ੍ਹਨ ਤੋਂ ਬਾਅਦ ਮੁੱਲਾਂ ਨੂੰ ਵੀ ਫ਼ਾਰਸੀ ਵਿਚ ਬਾਣੀ ਉਚਾਰ ਕੇ ਉਪਦੇਸ਼ ਦੇ ਕੇ ਨਿਹਾਲ ਕੀਤਾ। ਇਸ ਤਰ੍ਹਾਂ ਗੁਰੂ ਜੀ ਦੀਆਂ ਬਾਲ ਉਮਰ ਦੀਆਂ ਗੱਲਾਂ ਬੜੀਆਂ ਅਸਚਰਜ ਹਨ। ਉਨ੍ਹਾਂ ਨੂੰ ਗੁਰੂ ਜੀ ਦੀ ਬਾਲ ਲੀਲ੍ਹਾ ਕਹਿੰਦੇ ਹਨ।

ਗੁਰੂ ਜੀ ਦਾ ਦਿਲ ਬੜਾ ਦਇਆ ਨਾਲ ਭਰਿਆ ਸੀ। ਜਦ ਵੀ ਕਿਸੇ ਗ਼ਰੀਬ-ਗੁਰਬੇ ਜਾਂ ਨੰਗੇ ਭੁੱਖੇ ਨੂੰ ਵੇਖਦੇ ਤਾਂ ਉਸਨੂੰ ਕੁਝ ਨਾ ਕੁਝ ਜ਼ਰੂਰ ਦਿੰਦੇ। ਗੁਰੂ ਜੀ ਹਰ ਵੇਲੇ ਪ੍ਰਮੇਸ਼ਰ ਦਾ ਨਾਮ

ਲੈਂਦੇ ਰਹਿੰਦੇ ਅਤੇ ਸੰਗੀਆਂ ਸਾਥੀਆਂ ਨੂੰ ਵੀ ਨਾਮ ਜੱਪਣ ਵੱਲ ਲਾਈ ਰੱਖਦੇ ਸਨ।

ਕੁਝ ਸਮੇਂ ਤੋਂ ਬਾਅਦ ਗੁਰੂ ਜੀ ਉਦਾਸ ਬ੍ਰਿਤੀ ਵਿਚ ਰਹਿਣ ਲੱਗ ਪਏ। ਇਹ ਵੇਖ ਕੇ ਕਈ ਆਖਦੇ ਇਸ ਬਾਲਕ ਨੂੰ ਛਾਇਆ ਚੰਬੜ ਗਈ ਹੈ। ਕਈ ਆਖਦੇ ਇਸ ਨੂੰ ਨਜ਼ਰ ਲੱਗ ਗਈ ਹੈ। ਮੂਰਖ ਲੋਕ ਗੁਰੂ ਜੀ ਦੇ ਕੌਤਕ ਨਹੀਂ ਸਨ ਜਾਣਦੇ। ਕੁਝ ਸਮਾਂ ਇਸ ਤਰ੍ਹਾਂ ਬੀਤ ਗਿਆ।

ਬਾਬਾ ਕਾਲੂ ਜੀ ਨੇ ਸੋਚਿਆ ਇਨ੍ਹਾਂ ਦਾ ਦਿਲ ਨਹੀਂ ਲਗਦਾ, ਇਸ ਕਰਕੇ ਇਨ੍ਹਾਂ ਨੂੰ ਕਿਸੇ ਕੰਮ ਵਿਚ ਲਾਈਏ। ਇਹ ਸੋਚ ਕੇ ਬਾਬਾ ਕਾਲੂ ਜੀ ਨੇ ਗੁਰੂ ਜੀ ਨੂੰ ਕਿਹਾ, ਸਾਡੇ ਨੌਕਰ ਪਸ਼ੂਆਂ ਦੀ ਚੰਗੀ ਤਰ੍ਹਾਂ ਸਾਂਭ ਸੰਭਾਲ ਨਹੀਂ ਕਰਦੇ। ਤੁਸੀਂ ਕੱਲ੍ਹ ਤੋਂ ਗਊਆਂ, ਮੱਝਾਂ ਨੂੰ ਚਾਰ ਕੇ ਲਿਆਇਆ ਕਰੋ। ਗੁਰੂ ਜੀ ਨੇ ਸੱਤ ਬਚਨ ਆਖ ਕੇ ਕਿਹਾ ਪਿਤਾ ਜੀ, ਸਵੇਰ ਤੋਂ ਮੈਂ ਪਸ਼ੂ ਚਾਰ ਕੇ ਲਿਆਇਆ ਕਰਾਂਗਾ। ਗੁਰੂ ਜੀ ਦੂਜੇ ਦਿਨ ਸੂਰਜ ਚੜ੍ਹੇ ਪਸ਼ੂਆਂ ਨੂੰ ਚਾਰਨ ਵਾਸਤੇ ਲੈ ਗਏ। ਸਾਰਾ ਦਿਨ ਜੰਗਲ ਵਿਚ ਪਸ਼ੂ ਚਰਦੇ ਰਹੇ, ਸ਼ਾਮ

ਵੇਲੇ ਪਸ਼ੂਆਂ ਨੂੰ ਘਰ ਲੈ ਆਏ। ਬਾਬਾ ਕਾਲੂ ਜੀ ਇਹ ਵੇਖ ਕੇ ਬਹੁਤ ਖ਼ੁਸ਼ ਹੋਏ।

ਗੁਰੂ ਜੀ ਹਰ ਰੋਜ਼ ਪਸ਼ੂਆਂ ਨੂੰ ਚਾਰਨ ਵਾਸਤੇ ਲੈ ਜਾਂਦੇ। ਇਕ ਦਿਨ ਗੁਰੂ ਜੀ ਆਰਾਮ ਕਰਨ ਲੱਗ ਪਏ। ਪਸ਼ੂ ਕਣਕ ਦੀ ਇਕ ਪੈਲ਼ੀ ਵਿਚ ਵੜ ਗਏ ਤੇ ਕਣਕ ਦਾ ਸਾਰਾ ਖੇਤ ਚਰ ਕੇ ਉਸੇ ਵਿਚ ਬੈਠ ਗਏ। ਇਤਨੇ ਸਮੇਂ ਵਿਚ ਖੇਤ ਦਾ ਮਾਲਕ ਆ ਗਿਆ। ਉਸਨੇ ਕਣਕ ਦੀ ਫਸਲ ਉਜੜੀ ਅਤੇ ਪਸ਼ੂ ਪੈਲੀ ਵਿਚ ਬੈਠੇ ਵੇਖ ਕੇ ਉਹ ਹੈਰਾਨ ਹੋ ਗਿਆ। ਪੈਲ਼ੀ ਦਾ ਮਾਲਕ ਕਹਿਣ ਲੱਗਾ ਕਿ 'ਮੇਰੀ ਪੈਲ਼ੀ ਕਿਸ ਢੀਠ ਨੇ ਨਿਖਸਮੀ ਜਾਣ ਕੇ ਉਜਾੜ ਦਿੱਤੀ ਹੈ।' ਇਤਨੀ ਗੱਲ ਸੁਣ ਕੇ ਗੁਰੂ ਜੀ ਜਾਗ ਪਏ। ਤੇ ਪੈਲ਼ੀ ਵਿਚੋਂ ਪਸ਼ੂ ਬਾਹਰ ਕੱਢਣ ਲੱਗ ਪਏ। ਜ਼ਿਮੀਂਦਾਰ ਨੇ ਕਿਹਾ! ਖੇਤ ਦਾ ਉਜਾੜਾ ਭਰ ਨਹੀਂ ਤਾਂ ਰਾਇ ਬੁਲਾਰ ਪਾਸ ਚੱਲ। ਉਸਨੇ ਗੁਰੂ ਜੀ ਨਾਲ ਝਗੜਦੇ ਨੇ ਰਾਇ ਬੁਲਾਰ ਪਾਸ ਜਾ ਸ਼ਿਕਾਇਤ ਕੀਤੀ ਕਿ ਤੁਹਾਡੇ ਪਟਵਾਰੀ ਦੇ ਪੁੱਤਰ ਨੇ ਮੇਰੀ ਕਣਕ ਦੀ ਸਾਰੀ ਫਸਲ ਉਜਾੜ ਦਿੱਤੀ ਹੈ। ਹੇ ਰਾਜਨ! ਮੇਰਾ ਨਿਆਂ ਕਰੋ। ਇਹ ਸੁਣ ਕੇ ਰਾਇ ਬੁਲਾਰ ਨੇ ਬਾਬਾ

ਕਾਲੂ ਜੀ ਨੂੰ ਬੁਲਾ ਕੇ ਕਿਹਾ ਕਿ ਤੇਰਾ ਪੁੱਤਰ ਮਸਤਾਨਾ ਹੈ, ਇਸ ਨੂੰ ਪਸ਼ੂ ਚਾਰਨ ਵਾਸਤੇ ਕਿਉਂ ਘੱਲਿਆ ਹੈ ?

ਸਤਿਗੁਰੂ ਜੀ ਨੇ ਰਾਇ ਬੁਲਾਰ ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਕਿਹਾ ! ਪਸ਼ੂਆਂ ਨੇ ਖੇਤ ਦਾ ਕੋਈ ਨੁਕਸਾਨ ਨਹੀਂ ਕੀਤਾ। ਖੇਤੀ ਉਸੇ ਤਰ੍ਹਾਂ ਹੀ ਹਰੀ-ਭਰੀ ਹੈ। ਜ਼ਿਮੀਂਦਾਰ ਨੇ ਕਿਹਾ ਇਸਨੇ ਮੇਰੀ ਖੇਤੀ ਸਾਰੀ ਉਜਾੜ ਦਿੱਤੀ ਹੈ। ਦੋਹਾਂ ਤੋਂ ਇਸ ਤਰ੍ਹਾਂ ਸੁਣ ਕੇ ਰਾਇ ਬੁਲਾਰ ਨੇ ਇਕ ਆਦਮੀ ਨੂੰ ਖੇਤ ਵੇਖਣ ਵਾਸਤੇ ਭੇਜਿਆ। ਸਤਿਗੁਰਾਂ ਦੇ ਬਚਨਾਂ ਨਾਲ ਖੇਤੀ ਉਸੇ ਤਰ੍ਹਾਂ ਹਰੀ-ਭਰੀ ਹੋ ਗਈ। ਕਣਕ ਦਾ ਖੇਤ ਉਸੇ ਤਰ੍ਹਾਂ ਹਰਾ-ਭਰਾ ਵੇਖ ਕੇ, ਉਸ ਮਨੁੱਖ ਨੇ ਆ ਕੇ ਕਿਹਾ ਕਿ ਜ਼ਿਮੀਂਦਾਰ ਝੂਠੀ ਦੁਹਾਈ ਦੇ ਰਿਹਾ ਹੈ।

ਜਦੋਂ ਜ਼ਿਮੀਂਦਾਰ ਨੇ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਆਪ ਵੇਖਣ ਗਿਆ। ਉਸੇ ਤਰ੍ਹਾਂ ਕਣਕ ਹਰੀ-ਭਰੀ ਵੇਖ ਕੇ ਹੈਰਾਨ ਹੋ ਗਿਆ ਅਤੇ ਸ਼ਰਮਿੰਦਾ ਹੋ ਕੇ ਰਾਇ ਬੁਲਾਰ ਪਾਸ ਵਾਪਸ ਨਾ ਗਿਆ। ਰਾਇ ਬੁਲਾਰ ਨੇ ਜਾਣਿਆ ਜ਼ਿਮੀਂਦਾਰ ਝੂਠਾ ਹੈ। ਮਾੜੇ ਭਾਗਾਂ ਵਾਲਾ ਜ਼ਿਮੀਂਦਾਰ

ਸਤਿਗੁਰਾਂ ਦੇ ਕੌਤਕ ਵੇਖ ਕੇ ਉਨ੍ਹਾਂ ਦੇ ਚਰਨੀਂ ਨਹੀਂ ਪੈ ਸਕਿਆ। ਬਾਬਾ ਕਾਲੂ ਜੀ ਅਤੇ ਸਤਿਗੁਰੂ ਜੀ ਘਰ ਨੂੰ ਵਾਪਸ ਆ ਗਏ। (ਜਿਸ ਜਗ੍ਹਾ ਗੁਰੂ ਜੀ ਦੇ ਬਚਨਾਂ ਨਾਲ ਖੇਤੀ ਹਰੀ ਹੋਈ ਸੀ, ਉਸ ਜਗ੍ਹਾਂ ਹੁਣ ਗੁਰਦੁਆਰਾ ਕਿਆਰਾ ਸਾਹਿਬ ਬਣਿਆ ਹੋਇਆ ਹੈ।)

## ਪ੍ਰਸ਼ਨ

੧. ਗੁਰੂ ਨਾਨਕ ਦੇਵ ਜੀ ਨੇ ਅਵਤਾਰ ਕਿਥੇ ਤੇ ਕਦੋਂ ਧਾਰਿਆ ?

੨. ਗੁਰੂ ਜੀ ਦੇ ਪਿਤਾ, ਮਾਤਾ ਅਤੇ ਭੈਣ ਜੀ ਦਾ ਨਾਮ ਕੀ ਸੀ ?

੩. ਪਹਿਲਾਂ ਗੁਰੂ ਜੀ ਨੂੰ ਬਾਬਾ ਕਾਲੂ ਜੀ ਨੇ ਕਿਸ ਪਾਸ ਪੜ੍ਹਨੇ ਪਾਇਆ ਸੀ ?

੪. ਜਦ ਗੁਰੂ ਜੀ ਮਸਤ ਸੁਭਾਵ ਵਿਚ ਰਹਿਣ ਲੱਗੇ ਤਾਂ ਲੋਕੀਂ ਕੀ ਕਹਿੰਦੇ ਸਨ ?

੫. ਜਿਸ ਜਗ੍ਹਾ ਗੁਰੂ ਜੀ ਦੇ ਬਚਨਾਂ ਨਾਲ ਖੇਤ ਹਰਾ-ਭਰਾ ਹੋਇਆ ਸੀ, ਉਸ ਦਾ ਇਤਿਹਾਸ ਦੱਸੋ ?

## ਪਾਠ ੩

# ਸੱਪ ਨੇ ਛਾਂ ਕਰਨੀ

ਸ੍ਰੀ ਗੁਰੂ ਨਾਨਕ ਦੇਵ ਜੀ ਵਿਸਾਖ ਦੇ ਮਹੀਨੇ ਜੰਗਲ ਵਿਚ ਗਊਆਂ ਤੇ ਮੱਝਾਂ ਨੂੰ ਚਾਰ ਰਹੇ ਸਨ, ਜਦੋਂ ਦੁਪਹਿਰ ਹੋਈ ਤਾਂ ਗੁਰੂ ਜੀ ਇਕ ਸੰਘਣੇ ਰੁੱਖ ਦੀ ਛਾਂਵੇਂ ਕੱਪੜਾ ਵਿਛਾ ਕੇ ਲੰਮੇ ਪੈ ਗਏ। ਜਦੋਂ ਕੁਝ ਸਮਾਂ ਬਤੀਤ ਹੋਇਆ ਤਾਂ ਸੂਰਜ ਢਲ ਗਿਆ ਤੇ ਦ੍ਰਖਤ ਦਾ ਪਰਛਾਵਾਂ ਦੂਜੇ ਪਾਸੇ ਹੋ ਗਿਆ।

ਸ਼ੇਸ਼ਨਾਗ ਨੇ ਇਸ ਤਰ੍ਹਾਂ ਵੇਖ ਕੇ ਸੋਚਿਆ ਕਿ ਮੈਂ ਵੀ ਇਨ੍ਹਾਂ ਦੀ ਸੇਵਾ ਵਿਚ ਹਿੱਸਾ ਪਾਵਾਂ ਤੇ ਧੁੱਪ ਹਟਾ ਕੇ ਛਾਂ ਕਰਾਂ। ਇਸ ਤਰ੍ਹਾਂ ਸੋਚ ਕੇ ਉਸ ਨੇ ਰੂਪ ਵਟਾ ਕੇ ਇਕ ਚਿੱਟੇ ਦੁੱਧ ਵਰਗੇ ਸੱਪ ਦੇ ਰੂਪ ਵਿਚ ਆ ਕੇ ਚਰਨਾਂ ਵੱਲ ਮੱਥਾ ਟੇਕ ਕੇ ਤਿੰਨ ਪਰਕਰਮਾ ਕਰਕੇ ਸਿਰ ਵਾਲੇ ਪਾਸੇ ਆਪਣਾ ਫ਼ਨ ਖਿਲਾਰ ਕੇ ਛਾਂ ਕਰ ਦਿੱਤੀ। ਇਸ ਤਰ੍ਹਾਂ ਛਾਂ ਕੀਤੀ ਨੂੰ ਕਿਨ੍ਹਾਂ ਹੀ ਸਮਾਂ ਬੀਤ ਗਿਆ।

ਤਲਵੰਡੀ ਦਾ ਰਾਜਾ ਰਾਇ ਬੁਲਾਰ ਕਿਸੇ ਪਾਸੇ ਤੋਂ ਫ਼ੌਜ ਸਮੇਤ ਤਲਵੰਡੀ ਨੂੰ ਆ ਰਿਹਾ ਸੀ।

ਉਸਦੇ ਭਾਗ ਜਾਗ ਪਏ। ਉਹ ਸੱਪ ਨੂੰ ਵੇਖ ਕੇ ਨੇੜੇ ਆਇਆ। ਉਸ ਨੇ ਸੋਚਿਆ ਜਾਂ ਤਾਂ ਸੱਪ ਨੇ ਬਾਲਕ ਨੂੰ ਮਾਰ ਦਿੱਤਾ, ਜੇ ਜਿਊਂਦਾ ਹੈ ਤਾਂ ਜ਼ਰੂਰ ਕੋਈ ਅਵਤਾਰ ਹੋਵੇਗਾ ਤਾਂ ਸੱਪ ਨੇ ਇਸ ਦੀ ਸੇਵਾ ਕੀਤੀ ਹੈ। ਅੱਗੇ ਵੇਖਣ ਵਾਸਤੇ ਆਪਣਾ ਇਕ ਨੌਕਰ ਭੇਜਿਆ। ਉਸ ਨੂੰ ਵੇਖ ਕੇ ਸੱਪ ਉਥੋਂ ਚਲਿਆ ਗਿਆ। ਫਿਰ ਰਾਜਾ ਘੋੜੇ 'ਤੇ ਚੜ੍ਹ ਕੇ ਵੇਖਣ ਵਾਸਤੇ ਆਇਆ। ਜਿਸਦੇ ਨਾਲ ਬਹੁਤੇ ਸੂਰਮਿਆਂ ਦੀ ਭੀੜ ਸੀ।

ਸਾਰੇ ਪਾਪਾਂ ਦੇ ਨਾਸ਼ ਕਰਨ ਵਾਲੇ ਸਤਿਗੁਰੂ ਜੀ ਨੂੰ, ਰਾਜੇ ਨੇ ਘੋੜੇ ਤੋਂ ਉੱਤਰ ਕੇ ਬਹੁਤੇ ਪ੍ਰੇਮ ਨਾਲ ਮੱਥਾ ਟੇਕਿਆ ਅਤੇ ਜਾਣਿਆ ਇਹ ਅਵਤਾਰ ਹਨ। ਉਸ ਦਿਨ ਤੋਂ ਰਾਜਾ ਸਤਿਗੁਰੂ ਜੀ ਨੂੰ ਅਵਤਾਰ ਰੂਪ ਸਮਝਣ ਲੱਗ ਪਿਆ। ਫਿਰ ਕਦੇ ਵੀ ਨਾ ਡੋਲਿਆ। ਰਾਜਾ ਘੋੜੇ ਉੱਤੇ ਚੜ੍ਹਕੇ ਖ਼ੁਸ਼ੀ-ਖ਼ੁਸ਼ੀ ਫ਼ੌਜਾਂ ਸਮੇਤ ਘਰ ਨੂੰ ਆ ਗਿਆ। ਤੇ ਆਪਣੇ ਮਨ ਵਿਚ ਸੋਚਣ ਲੱਗਾ ਜਦੋਂ ਇਹ ਜਵਾਨ ਹੋਣਗੇ ਤਾਂ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ, ਮੈਨੂੰ ਜਨਮ ਮਰਨ ਤੋਂ ਮੁਕਤ ਕਰ ਦਿਓ।

ਆਪਣੇ ਇਕ ਨੌਕਰ ਨੂੰ ਭੇਜ ਕੇ ਬਾਬਾ ਕਾਲੂ

ਜੀ ਨੂੰ ਸੱਦਿਆ ਅਤੇ ਆਦਰ ਨਾਲ ਕੋਲ ਬਿਠਾ ਕੇ ਕਿਹਾ ਕਲਿਆਣ ਚੰਦ! ਤੂੰ ਆਪਣੇ ਪੁੱਤਰ ਨੂੰ ਪੁੱਤਰ ਨਾ ਸਮਝੀ, ਇਹ ਤੇਰੇ ਘਰ ਵਿਚ ਪਰਮੇਸ਼ਰ ਅਵਤਾਰ ਧਾਰ ਕੇ ਆਏ ਹਨ। ਤੇਰੇ ਪਿਛਲੇ ਵੱਡੇ ਭਾਗ ਜਾਗ ਪਏ ਹਨ। ਤੇਰੇ ਬਰਾਬਰ ਮੈਂ ਹੋਰ ਕਿਸੇ ਨੂੰ ਨਹੀਂ ਦੇਖਦਾ। ਇਨ੍ਹਾਂ ਨੂੰ ਭੋਜਨ ਬਸਤਰ ਪ੍ਰੇਮ ਨਾਲ ਦਿੰਦਾ ਰਹੀਂ। ਆਪਣਾ ਪੁੱਤਰ ਜਾਣ ਕੇ ਇਨ੍ਹਾਂ ਦਾ ਨਿਰਾਦਰ ਨਾ ਕਰੀਂ। ਇਨ੍ਹਾਂ ਤੇ ਪਰਮੇਸ਼ਰ ਦਾ ਅਵਤਾਰ ਜਾਣ ਕੇ ਸ਼ਰਧਾ ਰੱਖੀ। ਰਾਇ ਬੁਲਾਰ ਨੇ ਬਾਬਾ ਕਾਲੂ ਜੀ ਨੂੰ ਸੱਪ ਦੇ ਛਾਂ ਕਰਨ ਦੀ ਸਾਰੀ ਗੱਲ ਦੱਸੀ। ਇਹ ਸੁੱਤੇ ਪਏ ਸਨ ਤਾਂ ਇਨ੍ਹਾਂ ਉੱਪਰ ਧੁੱਪ ਆ ਗਈ। ਸੱਪ ਨੇ ਇਨ੍ਹਾਂ ਉੱਪਰ ਛਾਂ ਕੀਤੀ ਹੋਈ ਸੀ। ਸਾਨੂੰ ਵੇਖ ਕੇ ਸੱਪ ਚਲਿਆ ਗਿਆ।

ਇਹ ਸੁਣ ਕੇ ਬਾਬਾ ਕਾਲੂ ਜੀ ਨੇ ਆਖਿਆ ਠੀਕ ਹੈ। ਉਨ੍ਹਾਂ ਉੱਪਰ ਮਾਇਆ ਦਾ ਮੋਹ ਸੀ। ਸਾਰੀ ਮਾਇਆ ਗੁਰੂ ਜੀ ਦੇ ਹੁਕਮ ਵਿਚ ਹੈ। ਜਿਵੇਂ ਉਸ ਨੂੰ ਚਲਾਉਂਦੇ ਹਨ, ਉਸੇ ਤਰ੍ਹਾਂ ਹੀ ਚਲਦੀ ਹੈ। ਬਾਬਾ ਕਾਲੂ ਜੀ ਖ਼ੁਸ਼ੀ-ਖ਼ੁਸ਼ੀ ਘਰ ਨੂੰ ਆ ਗਏ।

ਗੁਰੂ ਜੀ ਨੇ ਪ੍ਰਸੰਨ ਚਿੱਤ ਨਾਲ ਪਸ਼ੂ ਚਾਰ ਕੇ

ਘਰ ਲਿਆਂਦੇ। ਉਸ ਦਿਨ ਤੋਂ ਤਲਵੰਡੀ ਨਗਰ ਦੇ ਘਰ-ਘਰ ਵਿਚ ਗੁਰੂ ਜੀ ਦਾ ਜੱਸ ਹੋਣ ਲਗ ਪਿਆ। ਸਾਰੇ ਆਪਸ ਵਿਚ ਗੱਲਾਂ ਕਰਦੇ ਹਨ ਕਿ ਕਾਲੂ ਜੀ ਦੇ ਪੁੱਤਰ ਸ਼ਕਤੀ ਵਾਲੇ ਹਨ। ਇਨ੍ਹਾ ਉੱਪਰ ਸੱਪ ਨੇ ਛਾਂ ਕੀਤੀ ਅਤੇ ਇਹ ਕੌਤਕ ਰਾਇ ਬੁਲਾਰ ਜੀ ਨੇ ਆਪਣੇ ਅੱਖੀਂ ਵੇਖਿਆ ਹੈ। ਇਹ ਸ਼ਕਤੀ ਨੂੰ ਛੁਪਾ ਕੇ ਰੱਖਦੇ ਹਨ ਅਤੇ ਜਾਹਿਰ ਨਹੀਂ ਹੋਣ ਦਿੰਦੇ।

## ਪ੍ਰਸ਼ਨ

੧. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ੇਸ਼ਨਾਗ ਨੇ ਕੀ ਸਮਝ ਕੇ ਸੇਵਾ ਕੀਤੀ ਸੀ ?

੨. ਰਾਇ ਬੁਲਾਰ ਨੇ ਗੁਰੂ ਜੀ ਨੂੰ ਕਿਸ ਕਾਰਨ ਕਰਕੇ ਅਵਤਾਰ ਰੂਪ ਸਮਝਿਆ ?

੩. ਰਾਇ ਬੁਲਾਰ ਆਪਣੀ ਕਲਿਆਣ ਵਾਸਤੇ ਕੀ ਸੋਚਦਾ ਸੀ ?

੪. ਰਾਇ ਬੁਲਾਰ ਨੇ ਬਾਬਾ ਕਾਲੂ ਜੀ ਨੂੰ ਗੁਰੂ ਜੀ ਬਾਰੇ ਕੀ ਕਿਹਾ ?

੫. ਗੁਰੂ ਜੀ ਬਾਰੇ ਰਾਇ ਬੁਲਾਰ ਤੋਂ ਸੁਣ ਕੇ ਨਗਰ ਵਾਸੀ ਕੀ ਕਹਿੰਦੇ ਸਨ ?

# ਪਾਠ ੪

# ਗੁਰੂ ਜੀ ਨੇ ਖੇਤੀ ਬੀਜਣੀ, ਰੁੱਖ ਦੀ ਛਾਂ ਟਿਕੀ

ਇਕ ਦਿਨ ਬਾਬਾ ਕਾਲੂ ਜੀ ਨੇ ਪ੍ਰੇਮ ਨਾਲ ਗੁਰੂ ਜੀ ਨੂੰ ਕਿਹਾ, "ਹੇ ਪੁੱਤਰ ! ਤੂੰ ਹੁਣ ਸਿਆਣਾ ਹੋ ਗਿਆ ਹੈਂ। ਪਸ਼ੂ ਚਾਰਨੇ ਛੱਡ ਕੇ ਗਊਆਂ ਦੇ ਵੱਗ ਵਿਚੋਂ ਦੋ ਚੰਗੇ ਬੌਲਦ ਲੈ, ਹਲ ਤੇ ਬੀਜ ਘਰੋਂ ਲੈ ਲੈ ਤੇ ਨੌਕਰ ਨੂੰ ਨਾਲ ਲੈ ਕੇ ਪੈਲ਼ੀ ਬੀਜ। ਉਸ ਫਸਲ ਨੂੰ ਪਾਣੀ ਨਾਲ ਸਿੰਜ ਕੇ ਪਸ਼ੂਆਂ ਤੋਂ ਰਾਖੀ ਕਰ। ਫਿਰ ਫਸਲ ਨੂੰ ਪਕਾ ਕੇ ਪਿੜ ਬਣਾ ਕੇ ਉਸ ਨੂੰ ਗਹੁਣਾ ਕਰ। ਜੇ ਤੂੰ ਬਹੁਤ ਅੰਨ ਲਿਆਵੇਂਗਾ। ਤਾਂ ਤੇਰੇ ਨਾਲ ਹੋਰ ਕੁਝ ਕੁ ਨੌਕਰ ਰੱਖ ਦਿਆਂਗਾ। ਘਰ ਵਿਚ ਅਤੁੱਟ ਪਦਾਰਥ ਹੋ ਜਾਣਗੇ।" ਗੁਰੂ ਜੀ ਕਹਿਣ ਲੱਗੇ, "ਆਪ ਜੀ ਜਿਸ ਤਰ੍ਹਾਂ ਆਗਿਆ ਕਰੋਗੇ, ਮੈਂ ਉਸੇ ਤਰ੍ਹਾਂ ਹੀ ਕਰਾਂਗਾ।" ਉਦੋਂ ਬਾਬਾ ਕਾਲੂ ਜੀ ਨੇ ਘਰੋਂ ਬੀਜ ਦੇ ਕੇ ਇਕ ਕਾਮਾ ਨਾਲ ਭੇਜ ਦਿੱਤਾ। ਹਲ ਤੇ

ਬੀਜ ਲੈ ਕੇ ਦੋਵੇਂ ਪੈਲ਼ੀ ਬੀਜਣ ਗਏ। ਪੈਲ਼ੀ ਵਾਹ ਕੇ ਸਾਰਾ ਬੀਜ, ਬੀਜ ਕੇ ਘਰ ਨੂੰ ਆ ਗਏ। ਬਾਬਾ ਕਾਲੂ ਜੀ ਇਹ ਵੇਖ ਕੇ ਬਹੁਤ ਖ਼ੁਸ਼ ਹੋਏ।

ਗੁਰੂ ਜੀ ਦੇ ਹੱਥਾਂ ਵਿਚ ਬਹੁਤ ਬਰਕਤ ਸੀ। ਤੀਜੇ ਦਿਨ ਸਾਰਾ ਬੀਜ ਉਗ ਪਿਆ ਤੇ ਪੈਲ਼ੀ ਹਰੀ ਹੋ ਗਈ। ਜਦੋਂ ਬਾਬਾ ਕਾਲੂ ਜੀ ਨੇ ਪੈਲ਼ੀ ਵੇਖੀ ਤਾਂ ਬਹੁਤ ਖ਼ੁਸ਼ ਹੋਏ ਅਤੇ ਸੋਚਣ ਲੱਗੇ ਕਿ ਮੇਰਾ ਪੁੱਤਰ ਬਹੁਤ ਵੱਡਾ ਜ਼ਿਮੀਂਦਾਰ ਬਣੇਗਾ। ਇਸ ਨੂੰ ਮੈਂ ਇਕ ਵੱਖਰਾ ਪਿੰਡ ਦੇ ਦਿਆਂਗਾ। ਇਹ ਬਹੁਤੇ ਚੰਗੇ ਤਰੀਕੇ ਨਾਲ ਕਮਾਈ ਕਰਕੇ ਧਨ ਕਮਾਏਗਾ। ਇਸ ਤਰ੍ਹਾਂ ਮਨ ਵਿਚ ਸੋਚਣ ਲੱਗੇ। ਗੁਰੂ ਜੀ ਨੇ ਵਿਚਾਰ ਕੀਤੀ ਕਿ ਪਿਤਾ ਜੀ ਦੀ ਹਰ ਰੋਜ਼ ਹੀ ਧਨ ਦੀ ਤ੍ਰਿਸ਼ਨਾ ਵਧਦੀ ਜਾ ਰਹੀ ਹੈ। ਇਸ ਕਰਕੇ ਇਸ ਦਾ ਹੁਣੇ ਹੀ ਉਪਾਅ ਕਰੀਏ। ਇਨ੍ਹਾਂ ਦਾ ਧਨ ਕਮਾਉਣ ਦਾ ਝੋਰਾ ਮਿਟਾਈਏ। ਇਸ ਕਰਕੇ ਆਪ ਜੀ ਪੈਲ਼ੀ ਦੀ ਰਾਖੀ ਕਰਨ ਵਾਸਤੇ ਗਏ ਅਤੇ ਕਿਸੇ ਵੀ ਪਸ਼ੂ ਨੂੰ ਫਸਲ ਚਰਨ ਤੋਂ ਨਹੀਂ ਰੋਕਦੇ ਤੇ ਪਸ਼ੂ ਆਨੰਦ ਨਾਲ ਫਸਲ ਚਰਦੇ ਰਹਿੰਦੇ ਸਨ।

ਇਕ ਦਿਨ ਜਦੋਂ ਬਾਬਾ ਕਾਲੂ ਜੀ ਫਸਲ

ਵੇਖਣ ਗਏ ਤਾਂ ਕੀ ਵੇਖਦੇ ਹਨ ਕਿ ਗੁਰੂ ਜੀ ਲਾਗੇ ਬੈਠੇ ਹਨ ਤੇ ਕਿਸੇ ਵੀ ਪਸ਼ੂ ਨੂੰ ਫਸਲ ਚਰਨ ਤੋਂ ਨਹੀਂ ਰੋਕਦੇ। ਇਸ ਤਰ੍ਹਾਂ ਵੇਖ ਕੇ ਬਾਬਾ ਕਾਲੂ ਜੀ ਨੂੰ ਬਹੁਤ ਗ਼ੁੱਸਾ ਆਇਆ ਤੇ ਮੂੰਹੋਂ ਬਹੁਤ ਖੋਟੇ ਬਚਨ ਬੋਲੇ ਤੇ ਆਖਣ ਲੱਗੇ, "ਮੈਂ ਆਪਣੇ ਬਹੁਤੇ ਮਾੜੇ ਭਾਗ ਜਾਣੇ ਹਨ। ਹੇ ਪੁੱਤਰ! ਜਦੋਂ ਦਾ ਤੂੰ ਜਨਮਿਆ ਹੈ, ਮੇਰਾ ਘਰ ਉਜਾੜ ਦਿੱਤਾ ਹੈ। ਤੇਰੀ ਇਹੋ ਹੀ ਆਦਤ ਨਿੱਕੇ ਹੁੰਦਿਆਂ ਤੋਂ ਹੀ ਚੱਲੀ ਆ ਰਹੀ ਹੈ। ਤੂੰ ਘਰ ਦੀਆਂ ਚੀਜ਼ਾਂ ਗਵਾ ਕੇ ਘਰ ਖ਼ਾਲੀ ਕਰ ਦਿੱਤਾ ਹੈ। ਹੁਣ ਤੇਰੀ ਉਮਰ ਕਮਾਈ ਕਰਨ ਦੀ ਹੈ, ਤੂੰ ਖੋਟੇ ਕੰਮ ਕਰ ਰਿਹਾ ਹੈ। ਮੇਰੇ ਤੋਂ ਬਾਅਦ ਰੋਟੀ ਕਿਵੇਂ ਖਾਏਂਗਾ? ਤੂੰ ਇਕ ਦਿਨ ਘਰ ਛੱਡ ਕੇ ਫ਼ਕੀਰਾਂ ਨਾਲ ਰਲ ਜਾਏਂਗਾ।" ਇਸ ਤਰ੍ਹਾਂ ਬਾਬਾ ਕਾਲੂ ਜੀ ਬਹੁਤ ਕੌੜੇ ਬਚਨ ਬੋਲ ਕੇ ਘਰ ਨੂੰ ਆ ਗਏ।

ਉਸ ਦਿਨ ਤੋਂ ਬਾਅਦ ਗੁਰੂ ਜੀ ਉਦਾਸ-ਉਦਾਸ ਰਹਿਣ ਲਗ ਪਏ। ਕੋਈ ਕੋਈ ਮਨੁੱਖ ਗੁਰੂ ਜੀ ਨੂੰ ਸ਼ਕਤੀ ਵਾਲੇ ਆਖਦੇ ਸਨ। ਦਿਨ ਵੇਲੇ ਗੁਰੂ ਜੀ ਨਗਰ ਤੋਂ ਬਾਹਰ ਇਕ ਬ੍ਰਿਛ ਦੀ ਛਾਵੇਂ ਬੈਠ ਜਾਂਦੇ। ਉਥੇ ਇਕੱਲੇ ਹੀ ਬਹੁਤਾ ਸਮਾਂ

ਰਹਿੰਦੇ, ਕਿਸੇ ਦੇ ਨਾਲ ਬੋਲਦੇ ਨਹੀਂ। ਇਕ ਦਿਨ ਗੁਰੂ ਜੀ ਦੁਪਹਿਰੇ ਰੁੱਖ ਦੀ ਸੰਘਣੀ ਛਾਂਵੇਂ ਕੱਪੜਾ ਵਿਛਾ ਕੇ ਲੰਮੇ ਪਏ ਸਨ। ਜਦੋਂ ਕੁਝ ਕੁ ਸਮਾਂ ਹੋਇਆ ਤਾਂ ਰਾਇ ਬੁਲਾਰ ਉਸੇ ਰਸਤੇ ਤੋਂ ਕਿਸੇ ਪਾਸਿਓਂ ਆ ਰਿਹਾ ਸੀ। ਉਹ ਇਹ ਕੌਤਕ ਵੇਖ ਕੇ ਹੈਰਾਨ ਹੋ ਗਿਆ ਅਤੇ ਚੁੱਪ ਕਰਕੇ ਖਲੋ ਗਿਆ। ਸਾਥੀਆਂ ਨੂੰ ਕਿਹਾ, "ਤੁਸੀਂ ਸਾਰੇ ਅਸਚਰਜ ਕੌਤਕ ਵੇਖੋ ਸਾਰੇ ਰੁੱਖਾਂ ਦਾ ਪਰਛਾਂਵਾਂ ਫਿਰ ਗਿਆ ਹੈ। ਜਿਥੇ ਕਾਲੂ ਦੇ ਪੁੱਤਰ ਸੁੱਤੇ ਹਨ, ਉਸ ਦਾ ਪਰਛਾਂਵਾਂ ਨਹੀਂ ਢਲਿਆ। ਇਨ੍ਹਾਂ ਦੇ ਅੰਦਰ ਬਹੁਤ ਕਰਾਮਾਤ ਹੈ। ਇਹ ਅਵਤਾਰ ਹਨ, ਜੋ ਇਨ੍ਹਾਂ ਦੀ ਸੇਵਾ ਕਰਨਗੇ, ਉਨ੍ਹਾਂ ਦਾ ਜਨਮ ਮਰਨ ਦਾ ਚੱਕਰ ਕੱਟਿਆ ਜਾਵੇਗਾ।" ਇਹ ਅਸਚਰਜ ਕੌਤਕ ਮੈਂ ਦੂਜੀ ਵਾਰ ਵੇਖਿਆ ਹੈ। ਇਸ ਤਰ੍ਹਾਂ ਆਖ ਕੇ ਦੋਵੇਂ ਹੱਥ ਜੋੜ ਕੇ ਤੇ ਮੱਥਾ ਟੇਕਿਆ ਅਤੇ ਨਗਰ ਨੂੰ ਆ ਗਿਆ।

## ਪ੍ਰਸ਼ਨ

੧. ਬਾਬਾ ਕਾਲੂ ਜੀ ਨੇ ਗੁਰੂ ਜੀ ਨੂੰ ਪਸ਼ੂ ਚਾਰਨ ਤੋਂ ਕਿਉਂ ਹਟਾਇਆ ਅਤੇ ਕੀ ਕਿਹਾ?

੨. ਹਰੀ ਹੋਈ ਫਸਲ ਨੂੰ ਗੁਰੂ ਜੀ ਨੇ ਕੀ ਕੀਤਾ ਅਤੇ ਕਿਉਂ ?

੩. ਗੁਰੂ ਜੀ ਉਦਾਸ-ਉਦਾਸ ਕਿਉਂ ਰਹਿਣ ਲੱਗ ਪਏ ਸਨ ?

੪. ਗੁਰੂ ਜੀ ਜਦੋਂ ਰੁੱਖ ਦੀ ਛਾਂਵੇਂ ਸੁੱਤੇ ਸਨ ਤਾਂ ਰਾਇ ਬੁਲਾਰ ਨੇ ਕੀ ਕੌਤਕ ਦੇਖਿਆ ?

## ਪਾਠ ੫

# ਗੁਰੂ ਜੀ ਨੇ ਸੱਚਾ ਸੌਦਾ ਕਰਨਾ

ਜਦੋਂ ਗੁਰੂ ਜੀ ੧੫-੧੬ ਵਰ੍ਹਿਆਂ ਦੇ ਹੋ ਗਏ ਤਾਂ ਬਾਬਾ ਕਾਲੂ ਜੀ ਨੇ ਸਤਿਗੁਰੂ ਜੀ ਨੂੰ ਧਨ ਕਮਾਉਣ ਵਾਸਤੇ ਸਿੱਖਿਆ ਦਿੱਤੀ ਕਿ ਤੂੰ ਸਾਡਾ ਇਕੋ ਹੀ ਪੁੱਤਰ ਹੈਂ, ਘਰ ਦਾ ਕੰਮ ਧਨ ਕਮਾਉਣ ਤੋਂ ਬਗ਼ੈਰ ਨਹੀਂ ਚੱਲਦਾ। ਗੁਰੂ ਜੀ ਨੇ ਕਿਹਾ, "ਪਿਤਾ ਜੀ ! ਮੇਰੇ ਪਿਛਲੇ ਗੁਨਾਹ ਮੁਆਫ਼ ਕਰ ਦਿਓ। ਜਿਵੇਂ ਆਪ ਜੀ ਆਖੋਗੇ, ਮੈਂ ਉਸੇ ਤਰ੍ਹਾਂ ਹੀ ਕਰਾਂਗਾ।"

ਬਾਬਾ ਕਾਲੂ ਜੀ ਨੇ ਉਨ੍ਹਾਂ ਨੂੰ ਵਿਹਾਰ-ਵਾਪਾਰ ਵਿਚ ਲਾਉਣ ਦੀ ਸੋਚ ਕੇ ਕਿਹਾ, "ਪੁੱਤਰ ਜੀ ! ਵੀਹ ਰੁਪਈਏ ਲੈ ਕੇ ਜਾਓ ਤੇ ਕੋਈ ਨਫ਼ੇ-ਵੰਦਾ ਖਰਾ ਸੌਦਾ ਕਰ ਕੇ ਲਿਆਓ।" ਬਾਬਾ ਜੀ ਦਾ ਮਤਲਬ ਸੀ ਕਿ ਗੁਰੂ ਜੀ ਕਿਸੇ ਦੂਸਰੇ ਨਗਰ ਤੋਂ ਕੁਝ ਵਸਤੂ ਖ਼ਰੀਦ ਲੈਣਗੇ, ਫਿਰ ਉਸ ਨੂੰ ਹੋਰ ਥਾਂ ਜਾ ਕੇ ਮਹਿੰਗੇ ਭਾਅ ਵੇਚ ਦੇਣਗੇ। ਇਸ ਤਰ੍ਹਾਂ ਉਹ ਕਈ ਵੇਰ ਕਰਕੇ ਇਸ ਮਾਇਆ ਨੂੰ

ਵਧਾ ਕੇ ਬਹੁਤ ਸਾਰੀ ਕਰ ਲੈਣਗੇ। ਬਾਬਾ ਕਾਲੂ ਜੀ ਨੇ ਭਾਈ ਬਾਲੇ ਨੂੰ ਸੱਦ ਕੇ ਕਿਹਾ ਹੇ ਬਾਲੇ ! ਤੂੰ ਨਾਨਕ ਨਾਲ ਜਾ ਕੇ ਜੋ ਲਾਭਦਾਇਕ ਵਸਤੂ ਹੋਵੇ, ਉਸਨੂੰ ਖ਼ਰੀਦ ਲਿਆਓ। ਇਸ ਤਰ੍ਹਾਂ ਆਖ ਕੇ ਬਾਬਾ ਕਾਲੂ ਜੀ ਨੇ ਭਾਈ ਬਾਲੇ ਨੂੰ ਵੀਹ ਰੁਪਏ ਫੜ੍ਹਾ ਦਿੱਤੇ।

ਪਿਤਾ ਜੀ ਦਾ ਹੁਕਮ ਮੰਨ ਕੇ ਗੁਰੂ ਜੀ ਭਾਈ ਬਾਲੇ ਨੂੰ ਨਾਲ ਲੈ ਕੇ ਤੁਰ ਪਏ। ਪੰਦਰਾਂ ਕਿਲੋਮੀਟਰ ਦਾ ਪੈਂਡਾ ਕਰਨ ਮਗਰੋਂ ਚੂਹੜਕਾਣੇ ਦੇ ਲਾਗੇ ਇਕ ਜੰਗਲ ਆਇਆ। ਉਸੇ ਜੰਗਲ ਵਿਚ ਗੁਰੂ ਜੀ ਨੇ ਸਾਧੂਆਂ ਦਾ ਇਕ ਡੇਰਾ ਵੇਖਿਆ। ਜਿਸ ਵਿਚ ਬਹੁਤ ਸਾਰੇ ਸਾਧੂ ਮੁਕਤੀ ਵਾਸਤੇ ਕਠਿਨ ਤਪ ਕਰ ਰਹੇ ਸਨ। ਇਨ੍ਹਾਂ ਸਾਰਿਆਂ ਦਾ ਇਕ ਮਹੰਤ ਜੋ ਮ੍ਰਿਗਸ਼ਾਲਾ ਉੱਪਰ ਬੈਠ ਕੇ ਸਿਮਰਨ ਕਰ ਰਿਹਾ ਸੀ। ਉਸ ਨੂੰ ਵੇਖ ਕੇ ਗੁਰੂ ਜੀ ਖੜ੍ਹੇ ਹੋ ਗਏ ਅਤੇ ਭਾਈ ਬਾਲੇ ਨੂੰ ਕਿਹਾ, "ਮੈਂ ਇਸ ਜਗ੍ਹਾ ਬਹੁਤ ਲਾਭਦਾਇਕ ਵਾਪਾਰ ਜਾਣਿਆ ਹੈ। ਇਸ ਵਾਪਾਰ ਨੂੰ ਛੱਡਣ ਲਈ ਮੇਰਾ ਦਿਲ ਨਹੀਂ ਚਾਹੁੰਦਾ। ਪਿਤਾ ਜੀ ਦੀ ਆਗਿਆ ਵੀ ਚੰਗੇ ਵਾਪਾਰ ਕਰਨ ਦੀ ਹੈ। ਇਸ

ਕਰਕੇ ਕੋਈ ਹੋਰ ਵਾਪਾਰ ਇਸ ਨਾਲੋਂ ਲਾਭਦਾਇਕ ਨਹੀਂ ਹੈ। ਇਹ ਮਾਇਆ ਸਾਧੂਆਂ ਨੂੰ ਫੜਾ ਦੇਈਏ। ਇਹ ਭੋਜਨ ਲੈ ਕੇ ਸੁੱਖ ਪਾਉਣਗੇ।"

ਗੁਰੂ ਜੀ ਤੋਂ ਇਸ ਤਰ੍ਹਾਂ ਸੁਣ ਕੇ ਭਾਈ ਬਾਲਾ ਜੀ ਨੇ ਕਿਹਾ, "ਮੈਂ ਬਾਬਾ ਕਾਲੂ ਜੀ ਦੇ ਗ਼ੁੱਸੇ ਤੋਂ ਡਰਦਾ ਹਾਂ। ਇਸ ਗੱਲ ਨੂੰ ਤੁਸੀਂ ਪਿਤਾ ਅਤੇ ਪੁੱਤਰ ਹੀ ਨਿਬੇੜ ਲਿਓ। ਮੈਂ ਆਪ ਜੀ ਦਾ ਦਾਸ ਹਾਂ, ਆਪ ਨਾਲ ਝਗੜਾ ਕਿਉਂ ਕਰਾਂ! ਜਿਵੇਂ ਆਪ ਜੀ ਨੂੰ ਚੰਗਾ ਲਗਦਾ ਹੈ, ਉਵੇਂ ਹੀ ਕਰੋ।" ਇਸ ਤਰ੍ਹਾਂ ਆਖ ਕੇ ਭਾਈ ਬਾਲੇ ਨੇ ਗੁਰੂ ਜੀ ਨੂੰ ਵੀਹ ਰੁਪਏ ਫੜਾ ਦਿੱਤੇ।

ਗੁਰੂ ਜੀ ਮਹੰਤ ਕੋਲ ਗਏ, ਤੇ ਮੱਥਾ ਟੇਕ ਕੇ ਬੈਠ ਗਏ। ਮਹੰਤ ਜੀ ਨੂੰ ਪੁੱਛਣ ਲੱਗੇ, "ਆਪ ਜੀ ਭੋਜਨ ਛਕਦੇ ਹੋ ਜਾਂ ਭੁੱਖੇ ਹੀ ਨਾਮ ਜਪਦੇ ਹੋ।" ਮਹੰਤ ਜੀ ਆਖਣ ਲੱਗੇ, "ਅਸੀਂ ਮੁਕਤੀ ਵਾਸਤੇ ਸਾਧਾਂ ਦਾ ਵੇਸ ਧਾਰਿਆ ਹੈ। ਭੋਜਨ ਦੀ ਸੁਣੋ, ਇਥੇ ਬੈਠੇ ਹੀ ਜੋ ਮਿਲ ਜਾਵੇ, ਉਸੇ ਵਿਚ ਸੰਤੋਖ ਰੱਖੀਦਾ ਹੈ।"

ਸੰਤਾਂ ਦੀ ਗੱਲ ਸੁਣ ਕੇ ਗੁਰੂ ਜੀ ਬਹੁਤ ਖ਼ੁਸ਼

ਹੋਏ। ਅਤੇ ਮਹੰਤ ਜੀ ਨੂੰ ਆਖਣ ਲੱਗੇ, "ਆਪ ਜੀ ਦਾ ਨਾਮ ਕੀ ਹੈ?" ਮਹੰਤ ਜੀ ਨੇ ਕਿਹਾ, "ਮੇਰਾ ਨਾਮ ਸੰਤਰੇਣ ਹੈ।" ਮਹੰਤ ਜੀ ਦਾ ਨਾਮ ਸੁਣ ਕੇ ਗੁਰੂ ਜੀ ਖ਼ੁਸ਼ ਹੋਏ ਤੇ ਵੀਹ ਰੁਪਏ ਮਹੰਤ ਜੀ ਅੱਗੇ ਰੱਖ ਕੇ ਆਖਿਆ, "ਆਪ ਜੀ ਇਸ ਮਾਇਆ ਨਾਲ ਭੋਜਨ ਛਕੋ। ਮੈਂ ਤੁਹਾਡੀ ਸਾਰੀ ਗੱਲ ਜਾਣ ਲਈ ਹੈ। ਤੁਸੀਂ ਕਿਸੇ ਕੋਲੋਂ ਮੰਗਦੇ ਨਹੀਂ। ਆਪ ਜੀ ਨੂੰ ਬਿਨਾਂ ਮੰਗੇ ਪ੍ਰੇਮ ਨਾਲ ਜੋ ਦੇ ਦੇਵੇ, ਉਸ ਨੂੰ ਹੀ ਛਕਦੇ ਹੋ। ਇਹ ਮਾਇਆ ਆਪ ਜੀ ਨੂੰ ਪਰਮੇਸ਼ਰ ਨੇ ਭੇਜੀ ਹੈ। ਆਪ ਜੀ ਖ਼ੁਸ਼ੀ-ਖ਼ੁਸ਼ੀ ਇਸ ਮਾਇਆ ਨਾਲ ਭੋਜਨ ਛਕੋ।" ਗੁਰੂ ਜੀ ਨੂੰ ਮਹੰਤ ਜੀ ਆਖਣ ਲੱਗੇ, "ਤੁਹਾਡੀ ਛੋਟੀ ਉਮਰ ਹੈ। ਤੁਹਾਡੇ ਸਾਰੇ ਕਾਰਜ ਤੁਹਾਡੇ ਪਿਤਾ ਦੇ ਅਧੀਨ ਹਨ। ਤੁਹਾਨੂੰ ਕਿਸੇ ਕੰਮ ਵਾਸਤੇ ਭੇਜਿਆ ਹੋਵੇਗਾ। ਤੁਸੀਂ ਘਰ ਨੂੰ ਖ਼ਾਲੀ ਜਾਵੋਗੇ ਤਾਂ ਤੁਹਾਡੇ ਪਿਤਾ ਜੀ ਤੁਹਾਨੂੰ ਘਰੋਂ ਕੱਢ ਦੇਣਗੇ।"

ਗੁਰੂ ਜੀ ਨੇ ਕਿਹਾ, "ਸੰਤ ਜੀ! ਸੁਣੋ ਪਿਤਾ ਜੀ ਦੀ ਵੀ ਇਹੋ ਆਗਿਆ ਹੈ ਕਿ ਉਹ ਵਾਪਾਰ ਕਰੋ, ਜਿਸ ਵਿਚ ਬਹੁਤ ਲਾਭ ਹੋਵੇ। ਇਸ ਕਰਕੇ

ਹੋਰ ਵਾਪਾਰ ਠੀਕ ਨਹੀਂ, ਇਹੋ ਵਾਪਾਰ ਠੀਕ ਹੈ।" ਮਹੰਤ ਜੀ ਨੇ ਗੁਰੂ ਜੀ ਦੀ ਬੇਨਤੀ ਸੁਣ ਕੇ ਕਿਹਾ, "ਜੇ ਤੁਹਾਡੇ ਮਨ ਵਿਚ ਇਸੇ ਤਰ੍ਹਾਂ ਹੈ ਤਾਂ ਇਹ ਮਾਇਆ ਲੈ ਕੇ ਭੋਜਨ ਦੀ ਰਸਦ ਲੈ ਆਓ।" ਸੰਤ ਜੀ ਤੋਂ ਇਹ ਸੁਣ ਕੇ ਗੁਰੂ ਜੀ ਸ਼ਹਿਰੋਂ ਭੋਜਨ ਦੀ ਰਸਦ ਲੈ ਆਏ। ਸਾਰੀ ਰਸਦ ਮਹੰਤ ਜੀ ਅੱਗੇ ਰੱਖ ਕੇ ਬੈਠ ਗਏ। ਗੁਰੂ ਜੀ ਨੇ ਮਹੰਤ ਜੀ ਨੂੰ ਕਿਹਾ, "ਆਪ ਜੀ ਆਗਿਆ ਕਰੋ ਤਾਂ ਲੰਗਰ ਤਿਆਰ ਕਰ ਦੇਈਏ। ਸਾਰੇ ਸੰਤ ਪ੍ਰੇਮ ਨਾਲ ਭੋਜਨ ਛਕ ਲੈਣਗੇ।" ਇਹ ਸੁਣ ਕੇ ਮਹੰਤ ਜੀ ਨੇ ਗੁਰੂ ਜੀ ਨੂੰ ਕਿਹਾ, "ਸੰਤ ਆਪੇ ਹੀ ਭੋਜਨ ਬਣਾ ਕੇ ਛਕ ਲੈਣਗੇ। ਤੁਸੀਂ ਆਪਣੇ ਨਗਰ ਨੂੰ ਵਾਪਸ ਚਲੇ ਜਾਓ।" ਇਹ ਸੁਣ ਕੇ ਗੁਰੂ ਜੀ ਅਤੇ ਭਾਈ ਬਾਲਾ ਜੀ ਵਾਪਸ ਤਲਵੰਡੀ ਨੂੰ ਆ ਗਏ। (ਜਿਥੇ ਗੁਰੂ ਜੀ ਨੇ ਸੱਚਾ ਸੌਦਾ ਕੀਤਾ ਸੀ, ਉਥੇ ਹੁਣ ਗੁਰਦੁਆਰਾ ਸੱਚਾ ਸੌਦਾ ਸ਼ੁਸ਼ੋਭਿਤ ਹੈ।)

## ਪ੍ਰਸ਼ਨ

੧. ਬਾਬਾ ਕਾਲੂ ਜੀ ਨੇ ਗੁਰੂ ਜੀ ਨੂੰ ਵੀਹ ਰੁਪਏ ਕੀ ਕਰਨ ਨੂੰ ਦਿੱਤੇ ਸਨ ?

੨. ਗੁਰੂ ਜੀ ਕਿਸ ਨਾਲ ਸੱਚਾ ਸੌਦਾ ਕਰਨ ਗਏ ਸਨ ?

੩. ਗੁਰੂ ਜੀ ਨੇ ਕਿਸ ਤਰ੍ਹਾਂ ਦਾ ਸੱਚਾ ਸੌਦਾ ਕੀਤਾ ?

੪. ਸਾਧੂਆਂ ਦੇ ਮਹੰਤ ਜੀ ਨੇ ਗੁਰੂ ਜੀ ਨੂੰ ਕੀ ਕਿਹਾ ਸੀ ?

੫. ਗੁਰੂ ਜੀ ਨੇ ਮਹੰਤ ਜੀ ਨੂੰ ਕੀ ਜਵਾਬ ਦਿੱਤਾ ?

# ਪਾਠ ੬

# ਗੁਰੂ ਜੀ ਸੱਚਾ ਸੌਦਾ ਕਰਕੇ ਮੁੜੇ

ਗੁਰੂ ਜੀ ਸੱਚਾ ਸੌਦਾ ਕਰਕੇ ਜਦੋਂ ਭਾਈ ਬਾਲੇ ਦੇ ਨਾਲ ਘਰ ਨੂੰ ਮੁੜੇ। ਜਦੋਂ ਤਲਵੰਡੀ ਲਾਗੇ ਪੁੱਜੇ ਤਾਂ ਉਨ੍ਹਾਂ ਨੂੰ ਖ਼ਿਆਲ ਆਇਆ ਕਿ ਪਿਤਾ ਜੀ ਨੇ ਮੇਰੇ ਕੀਤੇ ਸੌਦੇ ਨੂੰ ਖਰਾ ਨਹੀਂ ਸਮਝਣਾ। ਉਹ ਕਹਿਣਗੇ ਰਕਮ ਰੋੜ੍ਹ ਦਿੱਤੀ ਹੈ। ਉਹ ਜ਼ਰੂਰ ਗ਼ੁੱਸੇ ਹੋਣਗੇ। ਪਿੰਡੋਂ ਬਾਹਰ ਇਕ ਰੁੱਖ ਸੀ। ਉਸਦੇ ਡਾਹਣ ਝੁੱਕ ਕੇ ਭੁੰਜੇ ਲੱਗੇ ਹੋਏ ਸਨ। ਇਸ ਤਰ੍ਹਾਂ ਉਹ ਤੰਬੂ ਜਿਹਾ ਬਣ ਜਾਂਦਾ ਸੀ। ਗੁਰੂ ਜੀ ਉਸਦੇ ਹੇਠ ਬਹਿ ਗਏ। ਭਾਈ ਬਾਲਾ ਘਰ ਨੂੰ ਚਲਿਆ ਗਿਆ।

ਜਦੋਂ ਬਾਬਾ ਕਾਲੂ ਜੀ ਨੂੰ ਪਤਾ ਲੱਗਾ ਕਿ ਬਾਲਾ ਇਕੱਲਾ ਹੀ ਆ ਗਿਆ ਹੈ ਤਾਂ ਬਾਬਾ ਕਾਲੂ ਜੀ ਨੇ ਉਸੇ ਵੇਲੇ ਆਪਣੇ ਨੌਕਰ ਨੂੰ ਭੇਜ ਕੇ ਭਾਈ ਬਾਲੇ ਨੂੰ ਬੁਲਾਇਆ। ਭਾਈ ਬਾਲੇ ਨੇ ਸਾਰੀ ਗੱਲ ਬਾਬਾ ਕਾਲੂ ਜੀ ਨੂੰ ਦੱਸ ਦਿੱਤੀ। ਇਸ

ਤਰ੍ਹਾਂ ਸੁਣ ਕੇ ਬਾਬਾ ਕਾਲੂ ਜੀ ਬਹੁਤ ਗ਼ੁੱਸੇ ਹੋਏ। ਉਨ੍ਹਾਂ ਨੇ ਜਾ ਕੇ ਗੁਰੂ ਜੀ ਨੂੰ ਰੁੱਖ ਹੇਠਾਂ ਬੈਠੇ ਵੇਖਿਆ ਅਤੇ ਲੱਗ ਪਏ ਚਪੇੜਾਂ ਮਾਰਨ। ਮਗਰੇ ਮਾਤਾ ਤ੍ਰਿਪਤਾ ਜੀ ਨੇ ਬੇਬੇ ਨਾਨਕੀ ਜੀ ਨੂੰ ਘੱਲ ਦਿੱਤਾ। ਨਾਲ ਹੀ ਨਗਰ ਦੇ ਬਹੁਤ ਸਾਰੇ ਲੋਕ ਚਲੇ ਗਏ। ਜਦੋਂ ਬਾਬਾ ਕਾਲੂ ਜੀ ਗੁਰੂ ਜੀ ਨੂੰ ਚਪੇੜਾਂ ਮਾਰ ਰਹੇ ਸਨ ਤਾਂ ਇਸ ਮਾਰ ਤੋਂ ਗੁਰੂ ਜੀ ਨੂੰ ਬੇਬੇ ਨਾਨਕੀ ਜੀ ਨੇ ਛੁਡਾਇਆ। ਜਿਹੜੇ ਬਹੁਤੇ ਲੋਕ ਨਾਲ ਗਏ ਸਨ, ਉਨ੍ਹਾਂ ਨੇ ਵੀ ਬਾਬਾ ਕਾਲੂ ਜੀ ਨੂੰ ਰੋਕਿਆ ਤੇ ਸਮਝਾਇਆ। ਸਾਰੇ ਹੀ ਗੁਰੂ ਜੀ ਨੂੰ ਨਾਲ ਲੈ ਕੇ ਆ ਗਏ।

ਮਾਤਾ ਜੀ ਨੇ ਗੁਰੂ ਜੀ ਨੂੰ ਛਾਤੀ ਨਾਲ ਲਾਇਆ ਅਤੇ ਕਿਹਾ, "ਹੇ ਪੁੱਤਰ! ਹੁਣ ਤੂੰ ਕੋਈ ਕੰਮ ਨਾ ਕਰਿਆ ਕਰ। ਜੇ ਤੂੰ ਕੋਈ ਕੰਮ ਨਾ ਕਰੇਂਗਾ ਤਾਂ ਝਗੜਾ ਨਾ ਹੋਵੇਗਾ। ਘਰ ਵਿਚ ਪਰਮੇਸ਼ਰ ਨੇ ਸਭ ਕੁੱਝ ਦਿੱਤਾ ਹੈ।" ਜਿਹੜੇ ਮਨੁੱਖ ਵੇਖਣ ਗਏ ਸਨ, ਉਨ੍ਹਾਂ ਵਿਚੋਂ ਕਿਸੇ ਨੇ ਜਾ ਕੇ ਰਾਇ ਬੁਲਾਰ ਨੂੰ ਸਾਰੀ ਗੱਲ ਦੱਸ ਦਿੱਤੀ।

ਜਦੋਂ ਰਾਇ ਬੁਲਾਰ ਨੇ ਇਸ ਤਰ੍ਹਾਂ ਸੁਣਿਆ ਤਾਂ ਆਪਣੇ ਇਕ ਨੌਕਰ ਨੂੰ ਭੇਜ ਕੇ ਗੁਰੂ ਜੀ

ਅਤੇ ਬਾਬਾ ਕਾਲੂ ਜੀ ਨੂੰ ਸੱਦਿਆ। ਜਦੋਂ ਗੁਰੂ ਜੀ ਆਏ ਤਾਂ ਰਾਇ ਬੁਲਾਰ ਨੇ ਛੇਤੀ ਪਲੰਘ ਤੋਂ ਉਠ ਕੇ ਸਤਿਕਾਰ ਨਾਲ ਗੁਰੂ ਜੀ ਨੂੰ ਆਪਣੇ ਕੋਲ ਬਿਠਾਇਆ। ਰਾਇ ਬੁਲਾਰ ਬਾਬਾ ਕਾਲੂ ਜੀ ਨੂੰ ਆਖਣ ਲੱਗਾ, "ਹੇ ਕਾਲੂ ! ਤੂੰ ਲੜਾਕਾ ਤੇ ਕਠੋਰ ਚਿੱਤ ਵਾਲਾ ਹੈਂ। ਤੇਰੇ ਮਨ ਵਿਚ ਧਨ ਕਮਾਉਣ ਦੀ ਪ੍ਰੀਤੀ ਲੱਗੀ ਰਹਿੰਦੀ ਹੈ। ਮੇਰਾ ਤੂੰ ਇਕ ਵੀ ਬਚਨ ਨਹੀਂ ਮੰਨਿਆ। ਤੂੰ ਆਪਣੇ ਸ਼ੁਸ਼ੀਲ ਸੁਭਾਵ ਵਾਲੇ ਪੁੱਤਰ ਦੀ ਸੋਭਾ ਨਹੀਂ ਜਾਣੀ।"

ਬਾਬਾ ਕਾਲੂ ਜੀ ਨੇ ਕਿਹਾ, "ਆਪ ਜੀ ਮੈਨੂੰ ਹੀ ਗ਼ੁੱਸੇ ਹੁੰਦੇ ਹੋ। ਤੁਸੀਂ ਆਪਣੇ ਮਨ ਵਿਚ ਵਿਚਾਰੋ ਤਾਂ ਸਹੀ, ਕਿਸ ਦਾ ਦੋਸ਼ ਹੈ ? ਘਰੋਂ ਤਾਂ ਮਾਇਆ ਵਪਾਰ ਵਾਸਤੇ ਦਿੱਤੀ ਸੀ। ਇਹ ਸਾਰੀ ਫ਼ਕੀਰਾਂ ਨੂੰ ਦੇ ਆਇਆ ਤੇ ਫਿਰ ਨਗਰ ਤੋਂ ਬਾਹਰ ਲੁਕ ਕੇ ਬੈਠ ਗਿਆ। ਮੈਨੂੰ ਘਰ ਆ ਕੇ ਕੁੱਝ ਵੀ ਨਹੀਂ ਦੱਸਿਆ। ਬਾਲੇ ਨੇ ਸਾਰੀ ਗੱਲ ਦੱਸੀ ਹੈ।" ਰਾਇ ਬੁਲਾਰ ਨੇ ਕਿਹਾ, "ਤੇਰਾ ਹਿਰਦਾ ਪੱਥਰ ਦੀ ਨਿਆਈਂ ਹੈ। ਤੂੰ ਆਪਣੇ ਪੁੱਤਰ ਦੀ ਕਰਾਮਾਤ ਨਹੀਂ ਜਾਣਦਾ।" ਉਦੋਂ ਰਾਇ ਬੁਲਾਰ ਨੇ ਘਰੋਂ ਵੀਹ ਰੁਪਏ ਮੰਗਵਾ ਕੇ

ਬਾਬਾ ਕਾਲੂ ਜੀ ਨੂੰ ਦੇ ਦਿੱਤੇ।

ਤਾਂ ਬਾਬਾ ਕਾਲੂ ਜੀ ਨੇ ਕਿਹਾ, "ਹੇ ਰਾਜਨ! ਮੈਂ ਵੀਹ ਰੁਪਏ ਨੂੰ ਹੀ ਨਹੀਂ ਝੂਰਦਾ, ਇਹ ਸਦਾ ਹੀ ਖੋਟੇ ਕੰਮ ਕਰਦਾ ਹੈ। ਮੈਨੂੰ ਇਹੋ ਫ਼ਿਕਰ ਹੈ ਕਿ ਮੇਰੇ ਪਿੱਛੋਂ ਇਹ ਕੀ ਕਰੇਗਾ। ਤੁਸੀਂ ਜੋ ਮੈਨੂੰ ਮਾਇਆ ਦੇ ਰਹੇ ਹੋ, ਅੱਗੇ ਵੀ ਮੈਨੂੰ ਸਾਰੇ ਸੁੱਖ ਤੁਸੀਂ ਹੀ ਦਿੱਤੇ ਹਨ। ਤੁਹਾਡੀ ਕ੍ਰਿਪਾ ਨਾਲ ਹੀ ਮੇਰੇ ਘਰ ਵਿਚ ਸਭ ਕੁਝ ਹੈ।" ਰਾਇ ਬੁਲਾਰ ਵੀਹ ਰੁਪਏ ਦਿੰਦਾ ਹੈ, ਪਰ ਬਾਬਾ ਕਾਲੂ ਜੀ ਲੈਂਦੇ ਨਹੀਂ। ਰਾਜੇ ਦੇ ਵਜ਼ੀਰ ਨੇ ਕਿਹਾ, "ਵੱਡਿਆਂ ਦਾ ਹੁਕਮ ਨਹੀਂ ਮੋੜੀਦਾ। ਜੋ ਮਾਇਆ ਰਾਜਾ ਜੀ ਦੇ ਰਹੇ ਹਨ, ਤੁਸੀਂ ਲੈ ਲਓ। ਅੱਗੇ ਵਾਸਤੇ ਆਪਣੇ ਪੁੱਤਰ ਨੂੰ ਕਦੀ ਵੀ ਨਾ ਝਿੜਕਿਓ।"

ਬਹੁਤ ਵਾਰੀ ਆਖ ਕੇ ਰਾਇ ਬੁਲਾਰ ਨੇ ਬਾਬਾ ਕਾਲੂ ਜੀ ਨੂੰ ਵੀਹ ਰੁਪਏ ਦੇ ਦਿੱਤੇ। ਬਾਬਾ ਕਾਲੂ ਜੀ ਰੁਪਏ ਲੈ ਕੇ ਘਰ ਨੂੰ ਆ ਗਏ ਤੇ ਸ਼ਰਮਸਾਰ ਹੋ ਕੇ ਘਰ ਵਿਚ ਬੈਠ ਗਏ। ਤਲਵੰਡੀ ਦੇ ਸਾਰੇ ਮਨੁੱਖ ਤੇ ਇਸਤਰੀਆਂ ਨੇ ਬਾਬਾ ਕਾਲੂ ਜੀ ਨੂੰ ਬੁਰਾ ਆਖ ਕੇ ਨਿੰਦਿਆ। ਨਗਰ ਵਿਚ ਆਪਣੀ ਨਿੰਦਾ ਸੁਣ ਕੇ ਬਾਬਾ ਕਾਲੂ ਜੀ ਦੇ ਮੂੰਹੋਂ ਕੋਈ

ਗੱਲ ਨਹੀਂ ਆਈ ਤੇ ਝੂਰਨ ਲੱਗ ਪਏ। ਬਾਬਾ ਕਾਲੂ ਜੀ ਵੀਹ ਰੁਪਏ ਰਾਇ ਬੁਲਾਰ ਅੱਗੇ ਲੈ ਗਏ ਤੇ ਇਸ ਤਰ੍ਹਾਂ ਆਖਿਆ, "ਹੇ ਰਾਜਨ ! ਆਪਣੀ ਮਾਇਆ ਲੈ ਲਓ, ਮੈਨੂੰ ਨਗਰ ਦੇ ਬਹੁਤ ਲੋਕੀਂ ਨਿੰਦਦੇ ਹਨ। ਮੈਥੋਂ ਆਪਣੀ ਨਿੰਦਾ ਸੁਣੀ ਨਹੀਂ ਜਾਂਦੀ।"

ਰਾਜੇ ਨੇ ਕਿਹਾ, "ਆਪਣੇ ਮਨ ਵਿਚੋਂ ਗ਼ੁੱਸਾ ਦੂਰ ਕਰ ਦਿਓ।" ਰਾਇ ਬੁਲਾਰ ਨੇ ਕਿਹਾ, "ਮੈਂ ਇਨ੍ਹਾਂ ਕੋਲੋਂ ਉਧਾਰ ਲੈ ਕੇ ਤੈਨੂੰ ਦਿੱਤੇ ਹਨ, ਤੂੰ ਆਪਣੇ ਘਰ ਲੈ ਜਾ। ਮੁੜ ਕੇ ਇਨ੍ਹਾਂ ਨੂੰ ਗ਼ੁੱਸੇ ਨਾ ਹੋਈਂ।" ਬਾਬਾ ਕਾਲੂ ਜੀ ਕਹਿਣ ਲੱਗੇ, "ਇਸ ਨੇ ਕਦੀ ਵੀ ਇਕ ਪੈਸਾ ਕਮਾ ਕੇ ਨਹੀਂ ਦਿੱਤਾ। ਆਪ ਜੀ ਨੂੰ ਕਿਥੋਂ ਉਧਾਰ ਦਿੱਤੇ ਹਨ। ਜੇ ਇਹ ਧਨ ਕਮਾਉਂਦਾ ਤਾਂ ਰੌਲ਼ਾ ਕਿਉਂ ਪੈਂਦਾ।" ਰਾਇ ਬੁਲਾਰ ਨੇ ਕਿਹਾ, "ਹੇ ਕਾਲੂ ! ਤੂੰ ਜਿਤਨੀ ਮਾਇਆ ਵੇਖਦਾ ਹੈਂ, ਸਾਰੀ ਹੀ ਇਨ੍ਹਾਂ ਦੇ ਹੁਕਮ ਵਿਚ ਹੈ।" ਇਸ ਤਰ੍ਹਾਂ ਰਾਇ ਬੁਲਾਰ ਨੇ ਬਾਬਾ ਕਾਲੂ ਜੀ ਨੂੰ ਸਮਝਾਇਆ ਤੇ ਬਾਬਾ ਕਾਲੂ ਜੀ ਘਰ ਨੂੰ ਆ ਗਏ।

# ਪ੍ਰਸ਼ਨ

੧. ਗੁਰੂ ਜੀ ਖਰਾ ਸੌਦਾ ਕਰਕੇ ਘਰ ਨੂੰ ਕਿਉਂ ਨਹੀਂ ਆਏ ?

੨. ਜਦੋਂ ਬਾਬਾ ਕਾਲੂ ਜ਼ੀ ਗੁਰੂ ਜੀ ਦੇ ਚਪੇੜਾਂ ਮਾਰ ਰਹੇ ਸਨ ਤਾਂ ਕਿਸ ਨੇ ਛੁਡਾਇਆ ?

੩. ਬਾਬਾ ਕਾਲੂ ਜੀ ਜਦੋਂ ਰਾਇ ਬੁਲਾਰ ਨੂੰ ਵੀਹ ਰੁਪਏ ਮੋੜਨ ਲੱਗੇ ਤਾਂ ਰਾਇ ਬੁਲਾਰ ਨੇ ਕੀ ਕਿਹਾ ?

੪. ਰਾਇ ਬੁਲਾਰ ਨੇ ਬਾਬਾ ਕਾਲੂ ਜੀ ਨੂੰ ਵੀਹ ਰੁਪਏ ਕਿਥੋਂ ਉਧਾਰੇ ਲਏ ਦੱਸਿਆ ?

## ਪਾਠ ੭

# ਗੁਰੂ ਜੀ ਨੇ ਸੁਲਤਾਨਪੁਰ ਜਾਣਾ

ਬੇਬੇ ਨਾਨਕੀ ਜੀ ਦੀ ਸ਼ਾਦੀ ਸੁਲਤਾਨਪੁਰ (ਜ਼ਿਲ੍ਹਾ ਕਪੂਰਥਲਾ) ਵਿਚ ਪਰਮਾਨੰਦ ਜੀ ਦੇ ਪੁੱਤਰ ਜੈ ਰਾਮ ਜੀ ਨਾਲ ਹੋਈ ਸੀ। ਜੈ ਰਾਮ ਜੀ ਸੁਲਤਾਨਪੁਰ ਤੋਂ ਆਪਣੇ ਸੁਹਰੇ ਘਰ ਤਲਵੰਡੀ ਬਾਬਾ ਕਲਿਆਣ ਚੰਦ ਜੀ ਪਾਸ ਬੇਬੇ ਨਾਨਕੀ ਜੀ ਨੂੰ ਲੈਣ ਵਾਸਤੇ ਆਏ। ਜਦੋਂ ਰਾਇ ਬੁਲਾਰ ਨੂੰ ਜੈ ਰਾਮ ਜੀ ਬਾਰੇ ਆਉਣ ਦਾ ਪਤਾ ਲੱਗਾ। ਉਦੋਂ ਹੀ ਰਾਇ ਬੁਲਾਰ ਨੇ ਆਪਣੇ ਇਕ ਨੌਕਰ ਨੂੰ ਭੇਜ ਕੇ ਜੈ ਰਾਮ ਜੀ ਨੂੰ ਸੱਦਿਆ। ਰਾਇ ਬੁਲਾਰ ਨੇ ਗੁਰੂ ਜੀ ਬਾਰੇ ਜੈ ਰਾਮ ਨੂੰ ਇਸ ਤਰ੍ਹਾਂ ਦੱਸਿਆ। ਇਹ ਪਰਮੇਸ਼ਰ ਦਾ ਅਵਤਾਰ ਹਨ। ਇਹਨਾਂ ਵਿਚ ਬਹੁਤ ਕਰਾਮਾਤ ਹੈ। ਕਾਲੂ ਜੀ ਇਸ ਗੱਲ ਨੂੰ ਨਹੀਂ ਜਾਣਦੇ। ਉਹ ਇਹਨਾਂ ਨਾਲ ਝਗੜਦੇ ਰਹਿੰਦੇ ਹਨ। ਜਦੋਂ ਤੁਸੀਂ ਆਪਣੇ ਘਰ ਨੂੰ ਜਾਓਗੇ, ਉਸ ਤੋਂ ਬਾਅਦ ਮੈਂ ਇਹਨਾਂ ਨੂੰ ਤੁਹਾਡੇ ਪਾਸ ਭੇਜ ਦਿਆਂਗਾ। ਤੁਸੀਂ ਇਨ੍ਹਾਂ ਦੀ

ਸੇਵਾ ਕਰਕੇ ਖ਼ੁਸ਼ੀ ਲਵੋ।

ਇਸ ਤਰ੍ਹਾਂ ਸੁਣ ਕੇ ਜੈ ਰਾਮ ਜੀ ਬਹੁਤ ਖ਼ੁਸ਼ ਹੋਏ। ਆਖਣ ਲੱਗੇ, "ਇਹ ਜਦੋਂ ਸਾਡੇ ਘਰ ਆਉਣਗੇ, ਉਦੋਂ ਸਾਨੂੰ ਤਾਰ ਦੇਣਗੇ।" ਇਸ ਤਰ੍ਹਾਂ ਆਖ ਕੇ ਰਾਇ ਬੁਲਾਰ ਨੂੰ ਨਮਸਕਾਰ ਕਰਕੇ ਵਿਦਾ ਹੋ ਕੇ, ਆਪਣੇ ਸੁਹਰੇ ਘਰ ਕੁਝ-ਕੁ ਦਿਨ ਰਹਿ ਕੇ, ਜੈ ਰਾਮ ਜੀ ਬੇਬੇ ਨਾਨਕੀ ਜੀ ਨੂੰ ਨਾਲ ਲੈ ਕੇ ਸੁਲਤਾਨਪੁਰ ਵਾਪਸ ਆ ਗਏ।

ਇਸ ਤਰ੍ਹਾਂ ਕੁਝ ਕੁ ਸਮਾਂ ਬੀਤ ਗਿਆ। ਰਾਇ ਬੁਲਾਰ ਬਾਬਾ ਕਾਲੂ ਜੀ ਦਾ ਕਠੋਰ ਸੁਭਾਵ ਵੇਖ ਕੇ ਦੁਖੀ ਸੀ। ਆਪਣੇ ਇਕ ਨੌਕਰ ਨੂੰ ਭੇਜ ਕੇ ਗੁਰੂ ਜੀ ਨੂੰ ਸੱਦਿਆ ਅਤੇ ਕਿਹਾ ਕਿ ਆਪ ਜੀ ਬੇਬੇ ਨਾਨਕੀ ਜੀ ਕੋਲ ਚਲੇ ਜਾਓ। ਮੈਂ ਜੈ ਰਾਮ ਜੀ ਨੂੰ ਚਿੱਠੀ ਲਿਖ ਦਿੰਦਾ ਹਾਂ। ਆਪ ਜੀ ਉਥੇ ਚਲੇ ਜਾਓਗੇ ਤਾਂ ਮੇਰੇ ਚਿੱਤ ਵਿਚ ਸ਼ਾਂਤੀ ਆ ਜਾਵੇਗੀ। ਇਥੇ ਆਪ ਜੀ ਨਾਲ ਕਾਲੂ ਨਿੱਤ ਲੜਦਾ ਰਹਿੰਦਾ ਹੈ।" ਇਸ ਤਰ੍ਹਾਂ ਆਖ ਕੇ ਰਾਇ ਬੁਲਾਰ ਨੇ ਸੁਲਤਾਨਪੁਰ ਜੈ ਰਾਮ ਪਾਸ ਚਿੱਠੀ ਲਿਖੀ। ਗੁਰੂ ਜੀ ਨੇ ਘਰ ਜਾ ਕੇ ਮਾਤਾ ਜੀ ਤੋਂ ਸੁਲਤਾਨਪੁਰ ਜਾਣ ਦੀ ਵਿਦਾਇਗੀ ਲਈ ਤੇ

ਮਾਤਾ ਜੀ ਦੇ ਚਰਨਾਂ 'ਚ ਮਥਾ ਟੇਕਿਆ। ਫਿਰ ਗੁਰੂ ਜੀ ਨੇ ਪਿਤਾ ਜੀ ਨੂੰ ਦੋਵੇਂ ਹੱਥ ਜੋੜ ਕੇ ਮੱਥਾ ਟੇਕਿਆ। ਜਿਹੜੇ ਬਚਪਨ ਦੇ ਸਾਥੀ ਸਨ, ਉਨ੍ਹਾਂ ਨੂੰ ਵੀ ਗੁਰੂ ਜੀ ਬੜੇ ਪ੍ਰੇਮ ਨਾਲ ਮਿਲੇ। ਭਾਈ ਬਾਲਾ ਜੀ ਨੂੰ ਨਾਲ ਲੈ ਕੇ ਗੁਰੂ ਜੀ ਸੁਲਤਾਨਪੁਰ ਤੁਰ ਪਏ।

ਗੁਰੂ ਜੀ ਸੁਲਤਾਨਪੁਰ ਪਹੁੰਚ ਕੇ ਜੈ ਰਾਮ ਜੀ ਦੇ ਘਰ ਗਏ ਅਤੇ ਜਦੋਂ ਭੈਣ ਨਾਨਕੀ ਜੀ ਨੇ ਆਪ ਨੂੰ ਵੇਖਿਆ ਤਾਂ ਛੇਤੀ ਆ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਗੁਰੂ ਜੀ ਨੇ ਇਸ ਤਰ੍ਹਾਂ ਵੇਖ ਕੇ ਆਖਿਆ, "ਭੈਣ ਜੀ! ਤੁਹਾਨੂੰ ਇਸ ਤਰ੍ਹਾਂ ਕਰਨਾ ਯੋਗ ਨਹੀਂ। ਤੁਸੀਂ ਤਾਂ ਉਲਟੀ ਗੱਲ ਕਰ ਦਿੱਤੀ ਹੈ।" ਭੈਣ ਨਾਨਕੀ ਜੀ ਨੇ ਆਖਿਆ, "ਮੈਂ ਆਪ ਜੀ ਨੂੰ ਛੋਟਾ ਭਰਾ ਨਹੀਂ ਸਮਝਦੀ, ਮੈਂ ਤਾਂ ਆਪ ਜੀ ਨੂੰ ਪਰਮੇਸ਼ਰ ਦਾ ਰੂਪ ਹੀ ਜਾਣਦੀ ਹਾਂ। ਆਪ ਜੀ ਨੇ ਆਪਣੀ ਇੱਛਾ ਅਨੁਸਾਰ ਸੰਸਾਰ ਦੇ ਜੀਆਂ ਦਾ ਉਧਾਰ ਕਰਨ ਵਾਸਤੇ ਸਰੀਰ ਧਾਰਿਆ ਹੈ। ਆਪ ਜੀ ਕਲਯੁਗ ਦੇ ਮਨੁੱਖਾਂ ਦੀ ਖੋਟੀ ਰੀਤੀ ਦੂਰ ਕਰਨ ਵਾਸਤੇ ਆਏ ਹੋ।"

ਇਤਨੇ ਚਿਰ ਵਿਚ ਜੈ ਰਾਮ ਜੀ ਉਥੇ ਆ

ਗਏ। ਜੈ ਰਾਮ ਜੀ ਗੁਰੂ ਜੀ ਨੂੰ ਨਮਸਕਾਰ ਕਰਨ ਵਾਸਤੇ ਅੱਗੇ ਹੋਏ। ਗੁਰੂ ਜੀ ਨੇ ਜੈ ਰਾਮ ਜੀ ਨੂੰ ਕਿਹਾ, "ਆਪ ਜੀ ਵੱਡੇ ਥਾਂ ਹੋ।" ਇਸ ਤਰ੍ਹਾਂ ਆਖ ਕੇ ਗੁਰੂ ਜੀ ਨੇ ਜੈ ਰਾਮ ਜੀ ਨੂੰ ਨਮਸਕਾਰ ਕੀਤੀ। ਜੈ ਰਾਮ ਜੀ ਨੇ ਕਿਹਾ, "ਮੈਂ ਆਪ ਜੀ ਨੂੰ ਸਦਾ ਉਡੀਕਦਾ ਰਹਿੰਦਾ ਸੀ। ਹੁਣ ਆਪ ਜੀ ਨੇ ਸਾਡੇ ਘਰ ਚਰਨ ਪਾ ਕੇ ਘਰ ਨੂੰ ਪਵਿੱਤਰ ਕਰ ਦਿੱਤਾ ਹੈ। ਆਪ ਜੀ ਸੰਤ ਰੂਪ ਹੋ। ਇਹ ਵੀ ਤੁਹਾਡਾ ਆਪਣਾ ਹੀ ਘਰ ਹੈ। ਮੈਂ ਆਪ ਜੀ ਦੀ ਸੰਗਤ ਕਰਕੇ ਨਿਹਾਲ ਹੋ ਜਾਵਾਂਗਾ।" ਇਸ ਤਰ੍ਹਾਂ ਦੋਵੇਂ ਜਣੇ ਆਪਸ ਵਿਚ ਮਿਲ ਕੇ ਖ਼ੁਸ਼ ਹੋਏ। ਜੈ ਰਾਮ ਜੀ ਗੁਰੂ ਜੀ ਦੀ ਬਹੁਤ ਪ੍ਰੇਮ ਨਾਲ ਸੇਵਾ ਤੇ ਸੰਗਤ ਕਰਨ ਲੱਗੇ। ਗੁਰੂ ਜੀ ਨੇ ਇਸ ਤਰ੍ਹਾਂ ਸੁਲਤਾਨਪੁਰ ਵਿਚ ਕੁਝ ਕੁ ਸਮਾਂ ਬਤੀਤ ਕੀਤਾ।

ਗੁਰੂ ਜੀ ਨੇ ਕਿਹਾ, "ਭੈਣ ਜੀ! ਵਿਹਲੇ ਰਹਿਣਾ ਠੀਕ ਨਹੀਂ। ਕੋਈ ਐਸਾ ਕੰਮ ਕਰੀਏ, ਜਿਸ ਵਿਚ ਮੇਰਾ ਮਨ ਲੱਗਿਆ ਰਹੇ।" ਭੈਣ ਜੀ ਨੇ ਕਿਹਾ, "ਆਪ ਜੀ ਜਗਤ ਦੇ ਮਾਲਕ ਹੋ। ਜੋ ਆਪ ਜੀ ਦੇ ਚਿੱਤ ਵਿਚ ਹੈ, ਉਹ ਕਰੋ। ਆਪ ਜੀ ਸੰਤਾਂ-ਮਹਾਂਪੁਰਖਾਂ ਦੇ ਨਾਲ ਭਾਉ-ਭਗਤੀ

ਦੀਆਂ ਗੱਲਾਂ ਕਰੋ। ਸੰਸਾਰ ਦੇ ਕੰਮ ਆਪ ਜੀ ਨੂੰ ਨਹੀਂ ਸੋਭਦੇ। ਆਪ ਜੀ ਘਰ ਵਿਚ ਬੈਠ ਕੇ ਹਰੀ ਦਾ ਜੱਸ ਸੁਣਾ ਕੇ ਨਿਹਾਲ ਕਰੋ।" ਫਿਰ ਗੁਰੂ ਜੀ ਨੇ ਕਿਹਾ, "ਭੈਣ ਜੀ! ਸੁਣਨਾ ਕਰੋ। ਵੇਦ ਵੀ ਆਖਦੇ ਹਨ ਹੱਥਾਂ ਨਾਲ ਕਾਰ ਕਰਕੇ ਭੋਜਨ ਛਕੋ। ਦਾਨ ਗ਼ਰੀਬਾਂ, ਲੋੜਵੰਦਾਂ ਨੂੰ ਦਿਓ।"

ਫਿਰ ਜੈ ਰਾਮ ਜੀ ਨੇ ਕਿਹਾ, "ਤੁਹਾਡਾ ਹੁਕਮ ਮੇਰੇ ਸਿਰ ਮੱਥੇ 'ਤੇ ਹੈ। ਤੁਹਾਡਾ ਆਖਿਆ ਨਹੀਂ ਮੋੜ ਸਕਦੇ। ਜੇ ਆਪ ਜੀ ਹਿਸਾਬ-ਕਿਤਾਬ ਦਾ ਕੰਮ ਕਰ ਸਕਦੇ ਹੋ ਤਾਂ ਆਪ ਜੀ ਨੂੰ ਹਿਸਾਬ-ਕਿਤਾਬ ਦਾ ਕੰਮ ਦਿਵਾ ਦੇਈਏ।" ਗੁਰੂ ਜੀ ਨੇ ਕਿਹਾ, "ਮੈਂ ਸਾਰੇ ਤਰੀਕੇ ਨਾਲ ਹਿਸਾਬ-ਕਿਤਾਬ, ਲੇਖਾ-ਜੋਖਾ, ਲੈਣਾ-ਦੇਣਾ ਸਭ ਕੁਝ ਜਾਣਦਾ ਹਾਂ।"

## ਪ੍ਰਸ਼ਨ

੧. ਬੇਬੇ ਨਾਨਕੀ ਜੀ ਦੀ ਸ਼ਾਦੀ ਕਿਥੇ ਤੇ ਕਿਸ ਨਾਲ ਹੋਈ ?

੨. ਰਾਇ ਬੁਲਾਰ ਨੇ ਗੁਰੂ ਜੀ ਬਾਰੇ ਜੈ ਰਾਮ ਜੀ ਨੂੰ ਕੀ ਕਿਹਾ ?

੩. ਗੁਰੂ ਜੀ ਨੂੰ ਰਾਇ ਬੁਲਾਰ ਨੇ ਸੁਲਤਾਨਪੁਰ ਕਿਉਂ ਭੇਜਿਆ ?

੪. ਬੇਬੇ ਨਾਨਕੀ ਜੀ ਨੇ ਜਦੋਂ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਕੀ ਕਿਹਾ ਤੇ ਭੈਣ ਜੀ ਨੇ ਕੀ ਉੱਤਰ ਦਿੱਤਾ ?

੫. ਗੁਰੂ ਜੀ ਨੇ ਵੇਦਾਂ ਦਾ ਆਖਿਆ ਹੋਇਆ ਕੀ ਦੱਸਿਆ ?

# ਪਾਠ ੮

# ਗੁਰੂ ਜੀ ਨੇ ਮੋਦੀਖ਼ਾਨਾ ਚਲਾਉਣਾ

ਜੈ ਰਾਮ ਜੀ ਨੇ ਗੁਰੂ ਜੀ ਨੂੰ ਕਿਹਾ, "ਜੇ ਆਪ ਜੀ ਮੋਦੀਖ਼ਾਨੇ ਦਾ ਕੰਮ ਨਿਭਾ ਸਕਦੇ ਹੋ ਤਾਂ ਮੈਂ ਨਵਾਬ ਦੌਲਤ ਖ਼ਾਂ ਪਾਸੋਂ ਆਪ ਜੀ ਨੂੰ ਮੋਦੀਖ਼ਾਨੇ ਦਾ ਕੰਮ ਦਿਵਾ ਦਿਆਂ। ਇਹ ਕੰਮ ਬਹੁਤ ਸੋਹਣਾ ਹੈ।" ਜੈ ਰਾਮ ਜੀ ਦਾ ਕਿਹਾ ਗੁਰੂ ਜੀ ਨੇ ਮੰਨ ਲਿਆ। ਗੁਰੂ ਜੀ ਨੇ ਕਿਹਾ, "ਮੇਰਾ ਕੰਮ ਕਰਤਾਰ ਆਪੇ ਹੀ ਨਿਭਾਏਗਾ।" ਜੈ ਰਾਮ ਜੀ ਨੇ ਕਿਹਾ, "ਅੱਜ ਹੀ ਨਵਾਬ ਨੂੰ ਮਿਲ ਕੇ ਇਹ ਕੰਮ ਕਰ ਲਈਏ।" ਇਸ ਤਰ੍ਹਾਂ ਆਖ ਕੇ ਜੈ ਰਾਮ ਜੀ ਅਤੇ ਗੁਰੂ ਜੀ ਨਵਾਬ ਪਾਸ ਗਏ ਅਤੇ ਮੋਦੀਖ਼ਾਨੇ ਦੀ ਸਾਰੀ ਗੱਲ ਬਾਤ ਕੀਤੀ। ਦੌਲਤ ਖ਼ਾਂ ਨੇ ਗੁਰੂ ਜੀ ਦਾ ਰੂਪ ਵੇਖ ਕੇ ਕਿਹਾ ਇਹ ਮੋਦੀਖ਼ਾਨੇ ਦਾ ਕੰਮ ਚਲਾ ਸਕਦੇ ਹਨ। ਨਵਾਬ ਨੇ ਖ਼ੁਸ਼ ਹੋ ਕੇ ਗੁਰੂ ਜੀ ਨੂੰ ਇਕ ਚੋਲ਼ਾ ਦਿੱਤਾ ਅਤੇ ਮੋਦੀਖ਼ਾਨੇ ਦਾ ਕੰਮ ਸ਼ੁਰੂ ਕਰਨ ਵਾਸਤੇ ਇਕ ਹਜ਼ਾਰ (੧੦੦੦) ਰੁਪਏ ਦਿੱਤੇ।

ਗੁਰੂ ਜੀ ਨੇ ਇਨ੍ਹਾਂ ਰੁਪਈਆਂ ਦਾ ਹੱਟੀ ਵਿਚ ਸੌਦਾ ਲਿਆ ਕੇ ਰੱਖਿਆ। ਗੁਰੂ ਜੀ ਸੌਦਾ ਲੈਣ ਵਾਲੇ ਨੂੰ ਆਪ ਸੌਦਾ ਦਿੰਦੇ ਸਨ। ਸਵੇਰ ਤੋਂ ਸ਼ਾਮ ਤੱਕ ਸੌਦਾ ਲੈਣ ਵਾਲਿਆਂ ਦੀ ਬਹੁਤ ਵੱਡੀ ਭੀੜ ਲੱਗੀ ਰਹਿੰਦੀ। ਇਕ ਦਿਨ ਬਾਲਾ ਜੀ ਨੇ ਗੁਰੂ ਜੀ ਨੂੰ ਕਿਹਾ ਮੈਨੂੰ ਛੁੱਟੀ ਦਿਓ। ਮੈਂ ਆਪਣੇ ਘਰ ਜਾ ਕੇ ਜ਼ਿਮੀਂਦਾਰਾ ਕਰਕੇ ਗੁਜ਼ਾਰਾ ਕਰਾਂਗਾ। ਗੁਰੂ ਜੀ ਨੇ ਕਿਹਾ, "ਬਾਲੇ! ਇਥੇ ਰਹਿ ਕੇ ਹੀ ਕਰਤਾਰ ਨੂੰ ਚੇਤੇ ਕਰ ਅਤੇ ਚੰਗਾ ਗੁਜ਼ਾਰਾ ਕਰ, ਉਦਾਸ ਨਾ ਹੋ। ਤੂੰ ਇਸ ਤਰ੍ਹਾਂ ਨਾ ਜਾਣ। ਅਸੀਂ ਮੋਦੀ ਬਣ ਕੇ ਧਨ ਇਕੱਠਾ ਕਰਾਂਗੇ। ਇਥੇ ਅਸੀਂ ਕੁਝ ਸਮਾਂ ਰਹਿਣਾ ਹੈ। ਉਸ ਤੋਂ ਬਾਅਦ ਅਸੀਂ ਹੋਰ ਥਾਂ ਜਾਣਾ ਹੈ। ਤੈਨੂੰ ਨਾਲ ਲੈ ਕੇ ਜਾਵਾਂਗੇ।" ਇਸ ਤਰ੍ਹਾਂ ਗੁਰੂ ਜੀ ਨੇ ਭਾਈ ਬਾਲੇ ਜੀ ਨੂੰ ਪ੍ਰੇਮ ਨਾਲ ਰੱਖ ਲਿਆ।

ਭਾਈ ਬਾਲੇ ਨੇ ਕਿਹਾ, "ਗੁਰੂ ਜੀ! ਮੈਨੂੰ ਵਰ ਦਿਓ ਕਿ ਮੈਂ ਆਪ ਜੀ ਦਾ ਹੁਕਮ ਕਦੀ ਵੀ ਨਾ ਮੋੜਾਂ। ਸਦਾ ਹੀ ਮੰਨਦਾ ਰਹਾਂ।" ਗੁਰੂ ਜੀ ਨੇ ਕਿਹਾ ਤੂੰ ਸਾਡਾ ਮਿੱਤਰ ਹੈਂ, ਤੇਰਾ ਮਨ ਸਦਾ ਕਰਤਾਰ ਵੱਲ ਲੱਗਾ ਰਹੇਗਾ।" ਭਾਈ ਬਾਲਾ ਜੀ

ਨੇ ਇਹ ਬਚਨ ਸੁਣ ਕੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ। ਉਸ ਦਿਨ ਤੋਂ ਭਾਈ ਬਾਲਾ ਜੀ ਗੁਰੂ ਜੀ ਦੇ ਨਾਲ ਮਨ ਟਿਕਾ ਕੇ ਸੇਵਾ ਕਰਦੇ ਰਹੇ। ਗੁਰੂ ਜੀ ਦੀ ਵਡਿਆਈ ਸੁਣ ਕੇ ਮੰਗਣ ਵਾਲੇ ਬਹੁਤ ਆਉਣ ਲੱਗ ਪਏ। ਜੋ ਵੀ ਗੁਰੂ ਜੀ ਕੋਲ ਆਉਂਦਾ, ਗੁਰੂ ਜੀ ਸਾਰਿਆਂ ਦੀ ਇੱਛਾ ਪੂਰੀ ਕਰਦੇ, ਕਿਸੇ ਨੂੰ ਖ਼ਾਲੀ ਨਹੀਂ ਮੋੜਦੇ। ਸਾਰਿਆਂ ਨੂੰ ਮੂੰਹ ਮੰਗੀਆਂ ਮੁਰਾਦਾਂ ਦੇਈ ਜਾਂਦੇ ਅਤੇ ਹੱਟੀ ਵਿਚ ਕਿਸੇ ਚੀਜ਼ ਦਾ ਘਾਟਾ ਨਾ ਪੈਂਦਾ। ਇਸ ਤਰ੍ਹਾਂ ਘਰ-ਘਰ ਵਿਚ ਗੁਰੂ ਜੀ ਦਾ ਜੱਸ ਹੋਣ ਲੱਗ ਪਿਆ।

ਮੋਦੀਖ਼ਾਨੇ ਦਾ ਹਰ ਮਹੀਨੇ ਨਵਾਬ ਪਾਸ ਲੇਖਾ ਹੁੰਦਾ ਰਹਿੰਦਾ। ਜਦੋਂ ਵੀ ਲੇਖਾ ਹੁੰਦਾ, ਓਦੋਂ ਹੀ ਗੁਰੂ ਜੀ ਦਾ ਵਾਧਾ ਨਿਕਲਦਾ। ਕਈ ਨਿੰਦਕ ਈਰਖਾ ਕਰਕੇ ਆਖਦੇ ਦੌਲਤ ਖ਼ਾਂ ਨੂੰ ਕੋਈ ਖ਼ਬਰ ਨਹੀਂ ਕਿ ਮੋਦੀ ਤਾਂ ਮੋਦੀਖ਼ਾਨਾ ਲੁਟਾਈ ਜਾ ਰਿਹਾ ਹੈ। ਆਖ਼ਰ ਇਸ ਨੂੰ ਘਾਟਾ ਪੈ ਜਾਵੇਗਾ। ਨਵਾਬ ਇਨ੍ਹਾਂ ਨੂੰ ਪਕੜ ਲਵੇਗਾ। ਇਹ ਬਹੁਤ ਦੁਖੀ ਹੋਣਗੇ। ਕਈ ਆਖਦੇ ਇਹ ਬਹੁਤਾ ਦਾਨ ਦਿੰਦੇ ਹਨ, ਇਸ ਕਰਕੇ ਮੋਦੀਖ਼ਾਨੇ ਵਿਚ ਬਹੁਤ ਬਰਕਤ

ਪੈਂਦੀ ਹੈ। ਤਲਵੰਡੀ ਵਿਚ ਬਾਬਾ ਕਾਲੂ ਜੀ ਨੇ ਗੁਰੂ ਜੀ ਦੀ ਬਹੁਤ ਵਡਿਆਈ ਸੁਣੀ। ਉਹ ਤਲਵੰਡੀ ਤੋਂ ਸੁਲਤਾਨਪੁਰ ਆਏ। ਜਦੋਂ ਗੁਰੂ ਜੀ ਨੇ ਬਾਬਾ ਕਾਲੂ ਜੀ ਨੂੰ ਦੇਖਿਆ ਤਾਂ ਛੇਤੀ ਉੱਠ ਕੇ ਚਰਨਾਂ 'ਤੇ ਮੱਥਾ ਟੇਕਿਆ। ਬਾਬਾ ਕਾਲੂ ਜੀ ਨੇ ਗੁਰੂ ਜੀ ਨੂੰ ਬਹੁਤ ਪਿਆਰ ਕੀਤਾ। ਉਸ ਤੋਂ ਬਾਅਦ ਬਾਬਾ ਕਾਲੂ ਜੀ ਨੂੰ ਭਾਈ ਬਾਲੇ ਨੇ ਮੱਥਾ ਟੇਕਿਆ ਅਤੇ ਸੁੱਖ-ਸਾਂਦ ਪੁੱਛੀ।

ਜਦੋਂ ਕੁਝ ਕੁ ਸਮਾਂ ਹੋਇਆ ਤਾਂ ਬਾਬਾ ਕਾਲੂ ਜੀ ਨੇ ਕਿਹਾ, "ਪੁੱਤਰ! ਤੈਨੂੰ ਮੋਦੀ ਦੀ ਕਾਰ ਕਰਦਿਆਂ ਬਹੁਤ ਸਮਾਂ ਹੋ ਗਿਆ ਹੈ। ਕਿਤਨੀ ਕੁ ਮਾਇਆ ਕਮਾਈ ਹੈ? ਮੈਨੂੰ ਦੇਹ!" ਗੁਰੂ ਜੀ ਨੇ ਕਿਹਾ, "ਕਮਾਈ ਤਾਂ ਮੈਂ ਬਹੁਤ ਕੀਤੀ ਹੈ ਪਰ ਮਾਇਆ ਇਕ ਪਾਸੇ ਤੋਂ ਆਉਂਦੀ ਹੈ ਤੇ ਦੂਜੇ ਪਾਸੇ ਚਲੀ ਜਾਂਦੀ ਹੈ। ਇਕ ਪੈਸਾ ਵੀ ਜਮ੍ਹਾਂ ਨਹੀਂ ਕੀਤਾ। ਆਮਦਨ ਤੇ ਖ਼ਰਚ ਬਰਾਬਰ ਹੀ ਹਨ।

ਇਹ ਸੁਣ ਕੇ ਬਾਬਾ ਕਾਲੂ ਜੀ ਨੇ ਬਹੁਤ ਗ਼ੁੱਸਾ ਕੀਤਾ। ਆਖਿਆ, "ਤੂੰ ਧਨ ਸਾਂਭ ਕੇ ਨਹੀਂ ਰੱਖਦਾ। ਤੈਨੂੰ ਮੋਦੀ ਦੀ ਕਾਰ ਕਰਦਿਆਂ ਕਿੰਨ੍ਹਾਂ ਸਮਾਂ ਹੋ ਗਿਆ ਹੈ, ਇਕ ਪੈਸਾ ਵੀ ਜਮ੍ਹਾਂ ਨਹੀਂ

ਕੀਤਾ।" ਭਾਈ ਬਾਲਾ ਜੀ ਨੂੰ ਵੀ ਬਾਬਾ ਕਾਲੂ ਜੀ ਬਹੁਤ ਗ਼ੁੱਸੇ ਹੋਏ ਤੇ ਆਖਣ ਲੱਗੇ, "ਤੂੰ ਇਨ੍ਹਾਂ ਕੋਲ ਰਹਿੰਦਾ ਹੈਂ, ਤੂੰ ਵੀ ਮਾਇਆ ਦੀ ਸਾਂਭ ਨਹੀਂ ਕਰਦਾ। ਬਾਬਾ ਕਾਲੂ ਜੀ ਬਹੁਤ ਖੋਟੇ ਬਚਨ ਬੋਲ ਕੇ ਆਖਣ ਲੱਗੇ, "ਤੂੰ ਮੇਰੇ ਘਰ ਵਿਚੋਂ ਜੋ ਮਾਇਆ ਗਵਾਈ ਹੈ, ਮੈਨੂੰ ਹੁਣੇ ਕਮਾ ਕੇ ਦੇਹ। ਮੈਂ ਲੈਣ ਵਾਸਤੇ ਆਇਆ ਹਾਂ।" ਇਹ ਸੁਣ ਕੇ ਗੁਰੂ ਜੀ ਚੁੱਪ ਰਹੇ ਤੇ ਕੋਈ ਜਵਾਬ ਨਹੀਂ ਦਿੱਤਾ। ਬਾਬਾ ਕਾਲੂ ਜੀ ਨੇ ਕਿਹਾ, "ਤੂੰ ਫ਼ਜ਼ੂਲ ਖ਼ਰਚੀ ਛੱਡ ਦੇਹ। ਚੰਗੀ ਮੱਤ ਧਾਰ ਕੇ ਧਨ ਇਕੱਠਾ ਕਰ। ਜੇ ਤੂੰ ਮੈਨੂੰ ਦੇਣਾ ਨਹੀਂ ਚਾਹੁੰਦਾ ਤਾਂ ਆਪ ਦੀ ਮਾਇਆ ਵੱਖਰੀ ਰੱਖ ਲਿਆ ਕਰ। ਘਰਾਂ ਦੇ ਕੰਮ ਮਾਇਆ ਤੋਂ ਬਗ਼ੈਰ ਨਹੀਂ ਚੱਲਦੇ।" ਇਸ ਤਰ੍ਹਾਂ ਬਾਬਾ ਕਾਲੂ ਜੀ ਗੁਰੂ ਜੀ ਨੂੰ ਧਨ ਕਮਾਉਣ ਦੀ ਸਿੱਖਿਆ ਦੇ ਕੇ, ਜੈ ਰਾਮ ਜੀ ਦੇ ਘਰ ਨੂੰ ਚਲੇ ਗਏ। ਘਰ ਜਾ ਕੇ ਬੇਬੇ ਨਾਨਕੀ ਜੀ ਤੇ ਜੈ ਰਾਮ ਜੀ ਅਤੇ ਸਾਰੇ ਪਰਿਵਾਰ ਨੂੰ ਪ੍ਰੇਮ ਨਾਲ ਮਿਲੇ। ਸਾਰਿਆਂ ਨੂੰ ਸੁੱਖ ਅਨੰਦ ਪੁੱਛੀ। ਕੁਝ ਕੁ ਦਿਨ ਬਾਬਾ ਕਾਲੂ ਜੀ ਇਥੇ ਰਹਿ ਕੇ ਤਲਵੰਡੀ ਨੂੰ ਚਲੇ ਗਏ।

ਜਿਸ ਤਰ੍ਹਾਂ ਅੱਜ-ਕੱਲ੍ਹ ਸਰਕਾਰੀ ਡੀਪੂ ਤੋਂ ਲੋਕਾਂ ਨੂੰ ਸਸਤੇ ਰੇਟ 'ਤੇ ਸੌਦਾ ਮਿਲਦਾ ਹੈ। ਇਸੇ ਤਰ੍ਹਾਂ ਇਹ ਸਰਕਾਰੀ ਹੱਟੀ ਨੂੰ ਮੋਦੀਖ਼ਾਨਾ ਆਖਦੇ ਸਨ। ਲੋਕਾਂ ਨੂੰ ਸੌਦਾ ਇਥੋਂ ਸਸਤੇ ਰੇਟ 'ਤੇ ਮਿਲਦਾ ਸੀ। ਗੁਰੂ ਜੀ ਨੇ ਮੋਦੀਖ਼ਾਨੇ ਦਾ ਕੰਮ ਬੜੇ ਚੰਗੇ ਢੰਗ ਨਾਲ ਚਲਾਇਆ। ਉਹ ਸਦਾ ਸੱਚ ਬੋਲਦੇ ਤੇ ਪੂਰਾ ਤੋਲਦੇ ਅਤੇ ਕਿਸੇ ਦਾ ਹੱਕ ਨਹੀਂ ਸਨ ਰੱਖਦੇ। ਸਾਰੇ ਲੋਕ ਗੁਰੂ ਜੀ ਨਾਲ ਬਹੁਤ ਪ੍ਰੇਮ ਕਰਨ ਲੱਗ ਪਏ। ਪਰ ਕੁਝ ਭੈੜੇ ਬੰਦਿਆਂ ਨੇ ਨਵਾਬ ਪਾਸ ਚੁਗ਼ਲੀ ਕੀਤੀ ਕਿ ਤੇਰਾ ਮੋਦੀ ਤਾਂ ਮੋਦੀਖ਼ਾਨੇ ਨੂੰ ਲੁਟਾਈ ਜਾ ਰਿਹਾ ਹੈ। ਇਹ ਸੁਣ ਕੇ ਗੁਰੂ ਜੀ ਨੂੰ ਇਕ ਵਾਰੀ ਕੈਦ ਵੀ ਕਰ ਦਿੱਤਾ ਅਤੇ ਕਈ ਵਾਰ ਲੇਖਾ ਕਰਵਾਇਆ ਪਰ ਗੁਰੂ ਜੀ ਦਾ ਵਾਧਾ ਨਿਕਲਦਾ ਰਿਹਾ। ਨਵਾਬ ਦੀ ਤਸੱਲੀ ਹੋ ਗਈ ਤੇ ਗੁਰੂ ਜੀ ਨੂੰ ਛੱਡ ਦਿੱਤਾ। ਚੁਗ਼ਲਖੋਰਾਂ ਨੂੰ ਸ਼ਰਮਿੰਦੇ ਹੋਣਾ ਪਿਆ।

ਗੁਰੂ ਜੀ ਹੱਥੀਂ ਕਾਰ ਕਰਦੇ ਅਤੇ ਵਾਹਿਗੁਰੂ ਜੀ ਦਾ ਨਾਮ ਜਪਦੇ ਰਹਿੰਦੇ ਤੇ ਹੋਰਨਾਂ ਨੂੰ ਜਪਣ ਦਾ ਉਪਦੇਸ਼ ਕਰਦੇ ਸਨ। ਉਹ ਆਪਣੇ ਹੱਕ ਦੀ

ਕਮਾਈ ਵਿਚੋਂ ਗ਼ਰੀਬਾਂ ਨੂੰ ਅੰਨ, ਕਪੜਾ ਵੀ ਦਾਨ ਦਿਆ ਕਰਦੇ ਸਨ। ਇਸ ਤਰ੍ਹਾਂ ਗੁਰੂ ਜੀ ਉਹੋ ਕੁਝ ਹੀ ਕਰਦੇ ਸਨ, ਜੋ ਕੁਝ ਕਰਨ ਦਾ ਉਪਦੇਸ਼ ਉਨ੍ਹਾਂ ਸੰਸਾਰ ਨੂੰ ਦੇਣਾ ਸੀ। ਗੁਰੂ ਜੀ ਆਪਣੇ ਧਰਮ ਦੇ ਤਿੰਨੇ ਵੱਡੇ ਅਸੂਲਾਂ ਨੂੰ ਕਮਾ ਕੇ ਵਿਖਾ ਰਹੇ ਸਨ। ਉਹ ਅਸੂਲ ਇਹ ਹਨ– ੧. ਕਿਰਤ ਕਰਨੀ, ੨. ਨਾਮ ਜਪਣਾ, ੩. ਵੰਡ ਕੇ ਛਕਣਾ।

## ਪ੍ਰਸ਼ਨ

੧. ਦੌਲਤ ਖ਼ਾਂ ਨੇ ਗੁਰੂ ਜੀ ਨੂੰ ਵੇਖ ਕੇ ਕੀ ਕਿਹਾ ਤੇ ਕੀ ਦਿੱਤਾ ?

੨. ਭਾਈ ਬਾਲੇ ਨੇ ਗੁਰੂ ਜੀ ਕੋਲੋਂ ਕੀ ਵਰ ਮੰਗਿਆ ਤੇ ਗੁਰੂ ਜੀ ਨੇ ਕੀ ਕਿਹਾ ?

੩. ਗੁਰੂ ਜੀ ਨੇ ਮੋਦੀਖ਼ਾਨੇ ਦਾ ਕੰਮ ਕਿਸ ਤਰ੍ਹਾਂ ਚਲਾਇਆ ?

੪. ਚੁਗ਼ਲਖੋਰਾਂ ਨੇ ਨਵਾਬ ਪਾਸ ਕੀ ਚੁਗ਼ਲੀ ਕੀਤੀ ?

੫. ਗੁਰੂ ਜੀ ਸਿੱਖ ਧਰਮ ਦੇ ਕਿਨ੍ਹਾਂ ਅਸੂਲਾਂ ਨੂੰ ਕਮਾ ਕੇ ਵਿਖਾ ਰਹੇ ਸਨ ?

# ਪਾਠ ੯

# ਭਗੀਰਥ ਦਾ ਗੁਰੂ ਨਾਨਕ ਦੇਵ ਜੀ ਪਾਸ ਆਉਣਾ

ਸੁਲਤਾਨਪੁਰ ਦੇ ਲਾਗੇ ਮਲਸੀਹਾਂ ਨਗਰ ਵਿਚ ਭਗੀਰਥ ਨਾਮ ਦਾ ਇਕ ਕਾਲਕਾ ਦੇਵੀ ਦਾ ਪੁਜਾਰੀ ਰਹਿੰਦਾ ਸੀ। ਉਹ ਹਰ ਰੋਜ਼ ਕਾਲਕਾ ਦੇਵੀ ਦੇ ਮੰਦਿਰ ਵਿਚ ਜਾ ਕੇ ਬੜੇ ਪ੍ਰੇਮ ਨਾਲ ਪੂਜਾ ਕਰਦਾ ਸੀ ਤੇ ਬਹੁਤੇ ਨਾਮ ਲੈ-ਲੈ ਕੇ ਕਾਲਕਾ ਦੀ ਵਡਿਆਈ ਕਰਦਾ ਸੀ ਅਤੇ ਦਿਨ ਰਾਤ ਉਹ ਮੁਕਤੀ ਦੀ ਪ੍ਰਾਪਤੀ ਚਾਹੁੰਦਾ ਸੀ। ਇਕ ਦਿਨ ਭਗੀਰਥ ਜੀ ਪੂਜਾ ਕਰਦਿਆਂ, ਬਹੁਤੇ ਪ੍ਰੇਮ ਵਿਚ ਆ ਗਏ ਅਤੇ ਪੂਜਾ ਕਰਦਿਆਂ ਸਾਰਾ ਦਿਨ ਮੰਦਿਰ ਵਿਚ ਹੀ ਬੀਤ ਗਿਆ ਤਾਂ ਵੀ ਇਨ੍ਹਾਂ ਦੀ ਪੂਜਾ ਕਰਨ ਦੀ ਪ੍ਰੀਤੀ ਨਹੀਂ ਘਟੀ। ਘਰ ਜਾਣ ਨੂੰ ਚਿੱਤ ਨਾ ਕੀਤਾ। ਰਾਤ ਨੂੰ ਕਾਲਕਾ ਦੇਵੀ ਦੇ ਮੰਦਿਰ ਵਿਚ ਹੀ ਰਹਿ ਪਿਆ। ਜਦੋਂ ਅੱਧੀ ਰਾਤ ਹੋ ਗਈ ਤਾਂ ਇਨ੍ਹਾਂ ਨੂੰ ਥੋੜ੍ਹੀ

ਜਿਹੀ ਨੀਂਦ ਆ ਗਈ। ਉਦੋਂ ਕਾਲਕਾ ਜੀ ਨੇ ਸੁਪਨੇ ਵਿਚ ਦਰਸ਼ਨ ਦਿੱਤੇ ਅਤੇ ਆਖਿਆ, "ਹੇ ਭਗਤਾ! ਮੰਗ ਜੋ ਤੇਰੀ ਇੱਛਾ ਹੈ।"

ਭਗੀਰਥ ਨੇ ਕਿਹਾ, "ਹੇ ਦੇਵੀ ਜੀ! ਜੇ ਮੇਰੇ 'ਤੇ ਖ਼ੁਸ਼ ਹੋਂ ਤਾਂ ਮੈਨੂੰ ਮੁਕਤੀ ਦੇਵੋ।" ਦੇਵੀ ਨੇ ਕਿਹਾ, "ਮੈਂ ਤੈਨੂੰ ਮੁਕਤੀ ਨਹੀਂ ਦੇ ਸਕਦੀ। ਜੇ ਤੂੰ ਮੁਕਤੀ ਚਾਹੁੰਦਾ ਹੈਂ ਤਾਂ ਸੁਲਤਾਨਪੁਰ ਵਿਚ ਪਰਮੇਸ਼ਰ ਦੇ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਹਨ। ਉਹ ਹੱਟ ਚਲਾ ਰਹੇ ਹਨ, ਤੂੰ ਜਾ ਕੇ ਸ਼ਰਧਾ ਨਾਲ ਉਨ੍ਹਾਂ ਦੀ ਸੇਵਾ ਕਰ। ਉਹ ਤੈਨੂੰ ਮੁਕਤ ਕਰ ਦੇਣਗੇ। ਇਤਨਾ ਸੁਣ ਕੇ ਭਗੀਰਥ ਦੀਆਂ ਅੱਖਾਂ ਖੁੱਲ੍ਹ ਗਈਆਂ ਅਤੇ ਸੁਪਨੇ ਨੂੰ ਚੰਗੀ ਤਰ੍ਹਾਂ ਵਿਚਾਰਨ ਲੱਗੇ। ਸਵੇਰ ਹੋਣ ਤਕ ਗੁਰੂ ਜੀ ਕੋਲ ਜਾਣ ਦਾ ਪੱਕਾ ਮਨ ਬਣਾ ਲਿਆ।

ਸਵੇਰੇ ਭਗੀਰਥ ਜੀ ਆਪਣੇ ਟੱਬਰ ਅਤੇ ਚੌਧਰਤਾ ਨੂੰ ਛੱਡ ਕੇ ਸਤਿਗੁਰੂ ਜੀ ਵੱਲ ਜਾਣ ਲਈ ਤਿਆਰ ਹੋ ਗਏ। ਭਗੀਰਥ ਜੀ ਨੂੰ ਬਹੁਤੇ ਲੋਕ ਰੋਕਦੇ ਰਹੇ ਪਰ ਆਪ ਜੀ ਨਾ ਰੁਕੇ। ਛੇਤੀ ਹੀ ਸੁਲਤਾਨਪੁਰ ਆ ਗਏ। ਉਥੇ ਹੱਟ 'ਤੇ ਮੰਗਤਿਆਂ ਦੀ ਬੜੀ ਭੀੜ ਲੱਗੀ ਸੀ। ਭਾਈ

ਭਗੀਰਥ ਨੂੰ ਦਰਸ਼ਨਾਂ ਦੀ ਬਹੁਤੀ ਖਿੱਚ ਸੀ। ਉਹ ਦਰਸ਼ਨ ਕਰਕੇ ਗੁਰੂ ਜੀ ਦੇ ਚਰਨਾਂ ਵਿਚ ਡੰਡੇ ਵਾਂਗ ਲੰਮਾ ਪੈ ਗਿਆ ਅਤੇ ਅਪਣੇ ਸਰੀਰ ਦੀ ਖ਼ਬਰ ਭੁਲਾ ਦਿੱਤੀ। ਗੁਰੂ ਜੀ ਨੇ ਦੇਵੀ ਦਾ ਸਾਰਾ ਹਾਲ ਜਾਣ ਕੇ ਭਾਈ ਭਗੀਰਥ ਨੂੰ ਬਾਹਾਂ ਤੋਂ ਫੜ੍ਹ ਕੇ ਉਠਾਇਆ। ਤੇ ਕਿਹਾ, "ਤੇਰੀ ਕੀ ਇੱਛਾ ਹੈ ਤੇ ਕਿਥੋਂ ਆਇਆ ਹੈਂ ? ਤੂੰ ਆਪਣੀ ਸਾਰੀ ਗੱਲ ਦਸ। ਜੋ ਮੰਗੇਂਗਾ ਉਹੋ ਹੀ ਤੈਨੂੰ ਮਿਲ ਜਾਵੇਗਾ।" ਇਹ ਸੁਣ ਕੇ ਭਗੀਰਥ ਨੇ ਕਿਹਾ, "ਆਪ ਜੀ ਸਾਰਾ ਕੁਝ ਜਾਣਦੇ ਹੋ। ਤਾਂ ਵੀ ਆਪ ਜੀ ਦੇ ਪੁੱਛਣ 'ਤੇ ਮੈਂ ਸਾਰਾ ਕੁਝ ਦੱਸਦਾ ਹਾਂ। ਮਲਸੀਹਾਂ ਨਗਰ ਵਿਚ ਮੇਰਾ ਘਰ ਹੈ। ਮੈਂ ਕਾਲਕਾ ਜੀ ਦੀ ਪੂਜਾ ਕਰਦਾ ਸੀ। ਕਾਲਕਾ ਦੇਵੀ ਨੇ ਮੈਨੂੰ ਸੁਪਨੇ ਵਿਚ ਕਿਹਾ ਜੇ ਤੂੰ ਮੁਕਤੀ ਚਾਹੁੰਦਾ ਹੈਂ ਤਾਂ ਸਤਿਗੁਰੂ ਨਾਨਕ ਦੇਵ ਜੀ ਦੇ ਪਾਸ ਜਾ ਕੇ ਉਨ੍ਹਾਂ ਦੀ ਸੇਵਾ ਕਰ। ਇਸ ਵਾਸਤੇ ਮੈਂ ਆਪ ਜੀ ਦੀ ਸੇਵਾ ਕਰਨ ਵਾਸਤੇ ਆਇਆ ਹਾਂ। ਗੁਰੂ ਜੀ ਇਸ ਦੀ ਬੇਨਤੀ ਸੁਣ ਕੇ ਖ਼ੁਸ਼ ਹੋਏ ਅਤੇ ਆਪਣੀ ਸੇਵਾ ਕਰਨ ਦੀ ਆਗਿਆ ਦੇ ਦਿੱਤੀ। ਇਉਂ ਭਾਈ ਭਗੀਰਥ ਬਹੁਤ ਸਮਾਂ ਗੁਰੂ ਜੀ ਦੀ ਨਿੱਤ

ਸੇਵਾ ਕਰਦਾ ਅਤੇ ਦਰਸ਼ਨਾਂ ਦਾ ਲਾਭ ਲੈਂਦਾ ਰਿਹਾ।

## ਪ੍ਰਸ਼ਨ

੧. ਭਾਈ ਭਗੀਰਥ ਜੀ ਕਿਥੋਂ ਦੇ ਰਹਿਣ ਵਾਲੇ ਸਨ ਤੇ ਕਿਸ ਦੀ ਪੂਜਾ ਕਰਦੇ ਸਨ ?

੨. ਕਾਲਕਾ ਨੇ ਭਗੀਰਥ ਜੀ ਨੂੰ ਸੁਪਨੇ ਵਿਚ ਕੀ ਕਿਹਾ ?

੩. ਭਾਈ ਭਗੀਰਥ ਜੀ ਨੂੰ ਗੁਰੂ ਜੀ ਨੇ ਕੀ ਕਿਹਾ ?

## ਪਾਠ ੧੦

# ਭਾਈ ਮਰਦਾਨੇ ਦਾ ਗੁਰੂ ਜੀ ਪਾਸ ਆਉਣਾ

ਮਰਦਾਨਾ ਤਲਵੰਡੀ ਤੋਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਵਾਸਤੇ ਸੁਲਤਾਨਪੁਰ ਆਇਆ। ਚਰਨਾਂ 'ਤੇ ਮੱਥਾ ਟੇਕ ਕੇ ਸਤਿਗੁਰੂ ਨਾਨਕ ਦੇਵ ਜੀ ਦੀ ਵਡਿਆਈ ਕੀਤੀ, ਅਤੇ ਗੁਰੂ ਜੀ ਨੂੰ ਰਾਜ਼ੀ ਖ਼ੁਸ਼ੀ ਦਾ ਸੁਨੇਹਾ ਦਿੱਤਾ। ਫਿਰ ਮਰਦਾਨੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ, ਗੁਰੂ ਜੀ ! ਆਪ ਜੀ ਨੇ ਕਿਹਾ ਸੀ, ਮਰਦਾਨੇ ਤੂੰ ਬੇਦੀ ਕੁਲ ਦਾ ਮਰਾਸੀ ਹੈਂ। ਜੋ ਕੁਝ ਮੰਗਣਾ ਸਾਡੇ ਕੋਲੋਂ ਮੰਗੀਂ, ਹੋਰ ਕਿਸੇ ਕੋਲੋਂ ਨਾ ਮੰਗੀਂ। ਆਪ ਜੀ ਦਾ ਬਚਨ ਚੇਤੇ ਕਰਕੇ ਮੈਂ ਆਪ ਜੀ ਪਾਸ ਆਇਆ ਹਾਂ। ਬਾਕੀ ਦਾ ਗੁਜ਼ਾਰਾ ਤਾਂ ਠੀਕ ਚਲ ਰਿਹਾ ਹੈ। ਮੇਰੀ ਪੁੱਤਰੀ ਦੀ ਸ਼ਾਦੀ ਹੈ। ਸ਼ਾਦੀ ਵਿਚ ਖ਼ਰਚੇ ਦੀ ਲੋੜ ਹੈ। ਇਤਨਾ ਖ਼ਰਚਾ ਕਰਨ ਦੀ ਸਾਡੇ ਵਿਚ ਤਾਕਤ ਨਹੀਂ। ਇਸ ਕਰਕੇ ਮੈਂ ਆਪ ਜੀ ਪਾਸ ਆਇਆ ਹਾਂ।

ਉਦੋਂ ਗੁਰੂ ਜੀ ਨੇ ਭਾਈ ਭਗੀਰਥ ਜੀ ਨੂੰ ਆਖਿਆ ਕਿ ਵਿਆਹ ਦਾ ਸਾਰਾ ਸੌਦਾ ਕਾਗ਼ਜ਼ 'ਤੇ ਲਿਖੋ। ਭਗੀਰਥ ਜੀ ਨੇ ਮਰਦਾਨੇ ਤੋਂ ਪੁੱਛ ਕੇ, ਸਾਰਾ ਸੌਦਾ ਲਿਖਿਆ। ਗੁਰੂ ਜੀ ਨੇ ਕਿਹਾ, "ਇਹ ਸਾਰਾ ਸੌਦਾ ਸਾਡੇ ਪਾਸ ਨਹੀਂ ਹੈ। ਇਸ ਕਰਕੇ ਭਗੀਰਥਾ ਤੂੰ ਲਾਹੌਰ ਜਾ ਕੇ ਚੰਗੀ ਤਰ੍ਹਾਂ ਵੇਖਂ ਕੇ ਸੌਦਾ ਲਿਆ। ਉਥੇ ਇਕ ਰਾਤ ਤੋਂ ਵੱਧ ਨਹੀਂ ਰਹਿਣਾ।" ਭਗੀਰਥ ਜੀ ਲਾਹੌਰ ਇਕ ਸ਼ਾਹੂਕਾਰ ਦੀ ਦੁਕਾਨ 'ਤੇ ਗਏ। ਜਿਸ ਦਾ ਨਾਮ ਮਨਸੁਖ ਸੀ। ਤੇ ਉਸ ਨੂੰ ਪਰਚੀ ਵਿਖਾ ਕੇ ਕਿਹਾ, "ਸ਼ਾਹ ਜੀ! ਮੈਨੂੰ ਵਿਆਹ ਦਾ ਸਾਰਾ ਸਾਮਾਨ ਛੇਤੀ ਦੇ ਦਿਓ। ਆਪਣੀ ਮਾਇਆ ਨਕਦ ਲੈ ਲਓ। ਮੈਂ ਇਥੇ ਇਕ ਰਾਤ ਤੋਂ ਵੱਧ ਨਹੀਂ ਰਹਿ ਸਕਦਾ।"

ਸ਼ਾਹੂਕਾਰ ਨੇ ਭਗੀਰਥ ਜੀ ਨੂੰ ਲਾਗੇ ਬਿਠਾ ਕੇ ਕਿਹਾ, "ਹੁਣ ਤਾਂ ਸ਼ਾਮ ਪੈ ਗਈ ਹੈ। ਕੱਲ੍ਹ ਨੂੰ ਸਾਰਾ ਸਮਾਨ ਦੇ ਦਿਆਂਗਾ।" ਜਦੋਂ ਸ਼ਾਹੂਕਾਰ ਨੇ ਸਾਰਾ ਸਮਾਨ ਕਾਗ਼ਜ਼ 'ਤੇ ਲਿਖਿਆ ਵੇਖਿਆ ਤਾਂ ਉਸਨੇ ਕਿਹਾ, "ਸਾਰੀਆਂ ਚੀਜ਼ਾਂ ਤਾਂ ਮਿਲ ਜਾਣਗੀਆਂ ਪਰ ਚੂੜੇ ਨੂੰ ਤਿਆਰ ਹੋਣ ਲੱਗਿਆਂ

ਕੁਝ ਕੁ ਸਮਾਂ ਲੱਗੇਗਾ।" ਭਗੀਰਥ ਜੀ ਨੇ ਕਿਹਾ, "ਜੇ ਮੈਂ ਇਥੇ ਦੂਜੀ ਰਾਤ ਰਿਹਾ ਤਾਂ ਮੇਰਾ ਜਨਮ ਨਿਸਫਲ ਚਲਾ ਜਾਵੇਗਾ।" ਸ਼ਾਹੂਕਾਰ ਨੇ ਕਿਹਾ, "ਇਹ ਕੀ ਕਾਰਨ ਹੈ ? ਮੇਰੇ ਸ਼ੰਕੇ ਨੂੰ ਦੂਰ ਕਰ।" ਭਗੀਰਥ ਜੀ ਨੇ ਕਿਹਾ, "ਸ਼ਾਹ ਜੀ ! ਮੇਰੇ ਗੁਰੂ ਪੂਰੇ ਹਨ, ਉਨ੍ਹਾਂ ਦਾ ਬਚਨ ਖ਼ਾਲੀ ਨਹੀਂ ਜਾਂਦਾ। ਉਨ੍ਹਾਂ ਦੀ ਇਸ ਤਰ੍ਹਾਂ ਆਗਿਆ ਹੈ ਕਿ ਦੂਜੀ ਰਾਤ ਲਾਹੌਰ ਵਿਚ ਨਹੀਂ ਰਹਿਣਾ।"

ਮਨਸੁਖ ਨੇ ਕਿਹਾ, "ਇਸ ਕਲਯੁੱਗ ਵਿਚ ਐਸਾ ਕੋਈ ਪੂਰਾ ਨਹੀਂ ਹੈ। ਜਿਸ ਤਰ੍ਹਾਂ ਦਾ ਤੂੰ ਕਹਿ ਰਿਹਾ ਹੈਂ।" ਭਗੀਰਥ ਜੀ ਨੇ ਕਿਹਾ, "ਤੂੰ ਮੇਰੀ ਗੱਲ 'ਤੇ ਸੰਸਾ ਨਾ ਕਰ, ਮੇਰੇ ਸਤਿਗੁਰੂ ਜੀ ਪੂਰਨ ਹਨ। ਜਿਨ੍ਹਾਂ ਨੇ ਉਨ੍ਹਾਂ 'ਤੇ ਸ਼ਰਧਾ ਕੀਤੀ ਹੈ, ਉਨ੍ਹਾਂ ਦਾ ਜਨਮ ਮਰਨ ਕੱਟ ਦਿੰਦੇ ਹਨ। ਕਲਯੁੱਗ ਵਿਚ ਵਾਹਿਗੁਰੂ ਜੀ ਆਪ ਅਵਤਾਰ ਧਾਰ ਕੇ ਆਏ ਹਨ। ਪਰ ਉਹ ਸੰਸਾਰੀ ਰੀਤੀ ਅਨੁਸਾਰ ਹੀ ਗੁਜ਼ਾਰਾ ਕਰ ਰਹੇ ਹਨ। ਉਹ ਸਾਰਿਆਂ ਦੇ ਅੰਦਰ ਦੀ ਜਾਣਦੇ ਹਨ।" ਮਨਸੁਖ ਨੇ ਕਿਹਾ, " ਜੇ ਮੈਨੂੰ ਉਹ ਕੁਝ ਕੁ ਕਰਾਮਾਤਾਂ ਵਿਖਾ ਦੇਣ ਤਾਂ ਮੈਂ ਉਨ੍ਹਾਂ ਦਾ ਸਿੱਖ ਹੋ ਜਾਵਾਂਗਾ।

ਮੈਨੂੰ ਪਾਖੰਡੀ ਸਾਧੂ ਬਹੁਤ ਮਿਲੇ ਹਨ। ਇਸ ਕਰਕੇ ਮੈਂ ਕਰਾਮਾਤਾਂ ਤੋਂ ਬਗ਼ੈਰ ਭਰੋਸਾ ਨਹੀਂ ਕਰਦਾ।"

ਭਗੀਰਥ ਨੇ ਕਿਹਾ, "ਸ਼ਾਹ ਜੀ! ਤਰਕ ਨੂੰ ਛੱਡ ਕੇ ਸ਼ਰਧਾ ਧਾਰ ਕੇ ਦਰਸ਼ਨ ਕਰੋ। ਜਿਨ੍ਹਾਂ ਦੇ ਦਰਸ਼ਨਾਂ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ। ਜੇ ਤੁਸੀਂ ਕਰਾਮਾਤ ਵੇਖਣੀ ਚਾਹੁੰਦੇ ਹੋ ਤਾਂ ਉਥੇ ਕਰਾਮਾਤ ਦਾ ਕੋਈ ਘਾਟਾ ਨਹੀਂ। ਤੂੰ ਮੇਰੇ ਨਾਲ ਪੱਕਾ ਨਿਸ਼ਚਾ ਕਰਕੇ ਚੱਲ, ਸਤਿਗੁਰੂ ਜੀ ਤੇਰੇ ਮਨ ਦੀ ਕਾਮਨਾ ਪੂਰੀ ਕਰ ਦੇਣਗੇ।" ਮਨਸੁਖ ਨੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਕੀਤੀ। ਆਪਸ ਵਿਚ ਇਸ ਤਰ੍ਹਾਂ ਬਚਨ ਕਰਕੇ ਭੋਜਨ ਛਕ ਕੇ ਰਾਤ ਨੂੰ ਸੌਂ ਗਏ।

ਦੋਵਾਂ ਨੇ ਅੰਮ੍ਰਿਤ ਵੇਲੇ ਉੱਠ ਕੇ ਸੌਚ-ਇਸ਼ਨਾਨ ਕੀਤਾ। ਸ਼ਾਹ ਨੇ ਭਗੀਰਥ ਨੂੰ ਕਿਹਾ, "ਇਕ ਚੂੜਾ ਮੇਰੇ ਘਰ ਵਿਚ ਹੈ। ਉਸਨੂੰ ਦੇਣ ਨੂੰ ਮੇਰਾ ਚਿੱਤ ਨਹੀਂ ਕਰਦਾ। ਉਹ ਮੈਂ ਗੁਰੂ ਜੀ ਨੂੰ ਭੇਟਾ ਵਜੋਂ ਦੇ ਦਿੰਦਾ ਹਾਂ।" ਭਗੀਰਥ ਨੇ ਕਿਹਾ, "ਜਿਸ ਤਰ੍ਹਾਂ ਤੁਹਾਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ ਕਰ ਲਓ।"

ਵਿਆਹ ਦੀਆਂ ਸਾਰੀਆਂ ਚੀਜ਼ਾਂ ਲੈ ਕੇ ਦੋਵੇਂ ਤੁਰ ਪਏ। ਮਨਸੁਖ ਨੇ ਭਗੀਰਥ ਨੂੰ ਕਿਹਾ, "ਜੇ ਗੁਰੂ ਜੀ ਮੇਰਾ ਨਾਮ ਲੈ ਕੇ ਬੁਲਾਉਣਗੇ ਤਾਂ ਉਦੋਂ ਮੇਰੇ ਮਨ ਵਿਚ ਪੱਕਾ ਨਿਸ਼ਚਾ ਹੋ ਜਾਵੇਗਾ ਤਾਂ ਫਿਰ ਮੈਂ ਜਾਣਾਂਗਾ ਕਿ ਇਹ ਪਰਮੇਸ਼੍ਰ ਦੇ ਅਵਤਾਰ ਹਨ।" ਇਸ ਤਰ੍ਹਾਂ ਗੱਲਾਂ ਕਰਦੇ ਦੋਵੇਂ ਜਣੇ ਸੁਲਤਾਨਪੁਰ ਪਹੁੰਚ ਗਏ। ਗੁਰੂ ਜੀ ਨੇ ਦੋਵਾਂ ਨੂੰ ਆਉਂਦੇ ਵੇਖ ਕੇ ਕਿਹਾ, "ਭਗੀਰਥ ਪਰਉਪਕਾਰੀ ਆਓ। ਪਹਿਲਾਂ ਇਹ ਮਨਸੁਖ ਕੱਚਾ ਸੀ। ਹੁਣ ਆਪਣਾ ਨਾਮ ਸੱਚਾ ਮਨਸੁਖ ਕਰਨਾ ਚਾਹੁੰਦਾ ਹੈ। ਮਨਸੁਖ ਇਹ ਬਚਨ ਸੁਣ ਕੇ ਗੁਰੂ ਜੀ ਦੇ ਚਰਨਾਂ ਵਿਚ ਲੰਮਾ ਪੈ ਗਿਆ। ਭਗੀਰਥ ਨੇ ਵਿਆਹ ਦਾ ਸਾਰਾ ਸਮਾਨ ਗੁਰੂ ਜੀ ਦੇ ਅੱਗੇ ਰੱਖ ਕੇ ਮੱਥਾ ਟੇਕ ਕੇ ਕਿਹਾ, "ਆਪ ਜੀ ਸਭ ਕੁਝ ਜਾਣਦੇ ਹੋ। ਇਹ ਆਪ ਜੀ ਦਾ ਸਿੱਖ ਬਣਨ ਵਾਸਤੇ ਆਇਆ ਹੈ।" ਗੁਰੂ ਜੀ ਨੇ ਮਨਸੁਖ ਨੂੰ ਸਤਿਕਾਰਿਆ।

ਗੁਰੂ ਜੀ ਨੇ ਮਰਦਾਨੇ ਨੂੰ ਮਾਇਆ ਅਤੇ ਵਿਆਹ ਦੀਆਂ ਸਾਰੀਆਂ ਵਸਤੂਆਂ ਦਿੱਤੀਆਂ। ਮਰਦਾਨਾ ਖ਼ੁਸ਼ੀ ਖ਼ੁਸ਼ੀ ਤਲਵੰਡੀ ਨੂੰ ਆ ਗਿਆ।

ਮਨਸੁਖ ਦੀ ਗੁਰੂ ਜੀ ਵਿਚ ਬਹੁਤ ਸ਼ਰਧਾ ਵਧ ਗਈ। ਜਦੋਂ ਦੋ ਕੁ ਦਿਨ ਹੋਏ ਤਾਂ ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਮੈਂ ਆਪ ਜੀ ਦੀ ਸ਼ਰਨ ਵਿਚ ਹਾਂ, ਆਪ ਜੀ ਕ੍ਰਿਪਾ ਕਰੋ। ਗੁਰੂ ਜੀ ਨੇ ਕਿਹਾ, "ਜਿਹੜੇ ਮਨੁੱਖ ਹਉਮੈ ਤੇ ਮੇਰ-ਤੇਰ ਵਿਚ ਬੱਝੇ ਹੋਏ ਹਨ, ਉਹ ਸੰਸਾਰ ਵਿਚ ਬਹੁਤ ਦੁੱਖ ਭੋਗਦੇ ਹਨ। ਪੂਰਾ ਗੁਰੂ ਧਾਰਨ ਤੋਂ ਬਗ਼ੈਰ ਮਨੁੱਖ ਜਨਮ-ਮਰਨ ਤੋਂ ਨਹੀਂ ਛੁੱਟਦਾ। ਇਸ ਕਰਕੇ ਹੰਗਤਾ, ਮਮਤਾ, ਮੇਰ-ਤੇਰ ਨੂੰ ਛੱਡ ਕੇ ਪ੍ਰੇਮ ਨਾਲ ਮਨ ਲਗਾ ਕੇ ਵਾਹਿਗੁਰੂ ਜੱਪ। ਹਉਮੈ ਛੱਡ ਕੇ ਨਾਮ ਵਿਚ ਮਨ ਜੋੜ ਅਤੇ ਪਰਮੇਸ਼ਰ ਦਾ ਭਾਣਾ ਮੰਨ। ਇਸ ਤਰ੍ਹਾਂ ਮਨ ਵਿਚ ਸ਼ਾਂਤੀ ਪ੍ਰਾਪਤ ਹੋਵੇਗੀ। ਮਨਸੁਖ ਕਾਫ਼ੀ ਸਮਾਂ ਸੁਲਤਾਨਪੁਰ ਰਹਿ ਕੇ ਗੁਰੂ ਜੀ ਦੀ ਸੇਵਾ ਕਰਦਾ ਰਿਹਾ। ਫਿਰ ਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਘਰ ਨੂੰ ਗਿਆ।

## ਪ੍ਰਸ਼ਨ

੧. ਮਰਦਾਨੇ ਨੇ ਗੁਰੂ ਜੀ ਨੂੰ ਅਪਣਾ ਸੁਲਤਾਨਪੁਰ ਆਉਣ ਦਾ ਕੀ ਕਾਰਣ ਦੱਸਿਆ ?

੨. ਗੁਰੂ ਜੀ ਨੇ ਭਗੀਰਥ ਨੂੰ ਵਿਆਹ ਦਾ ਸਮਾਨ ਲੈਣ ਵਾਸਤੇ ਕਿਥੇ ਭੇਜਿਆ ਤੇ ਉਹ ਕਿਸਨੂੰ ਨਾਲ ਲੈ ਕੇ ਆਇਆ ?

੩. ਭਗੀਰਥ ਨੇ ਸ਼ਾਹੂਕਾਰ ਨੂੰ ਦੂਜੀ ਰਾਤ ਰਹਿਣ ਨੂੰ ਮਨ੍ਹਾਂ ਕਿਉਂ ਕੀਤਾ ?

੪. ਜਦੋਂ ਗੁਰੂ ਜੀ ਪਾਸ ਲਾਹੌਰ ਤੋਂ ਭਗੀਰਥ ਜੀ ਤੇ ਮਨਸੁਖ ਆਏ ਤਾਂ ਗੁਰੂ ਜੀ ਨੇ ਕੀ ਕਿਹਾ ?

੫. ਗੁਰੂ ਜੀ ਨੇ ਮਨਸੁਖ ਨੂੰ ਸੱਚੇ ਸੁੱਖ ਦੀ ਪ੍ਰਾਪਤੀ ਕਿਸ ਤਰ੍ਹਾਂ ਦੱਸੀ ?

# ਪਾਠ ੧੧
# ਗੁਰੂ ਨਾਨਕ ਦੇਵ ਜੀ ਦਾ ਵਿਆਹ

ਗੁਰੂ ਨਾਨਕ ਦੇਵ ਜੀ ਦੀ ਕੁੜਮਾਈ ਜਗਤ ਮਾਤਾ ਸੁਲੱਖਣੀ ਜੀ ਨਾਲ ਹੋਈ ਸੀ। ਆਪ ਜੀ ਦਾ ਵਿਆਹ ੨੪ ਜੇਠ ਸੰਮਤ ੧੫੪੮ ਬਿਕ੍ਰਮੀ ਮੁਤਾਬਕ ੧੯ ਮਈ, ੧੪੮੮ ਈ: ਸੋਮਵਾਰ ਨੂੰ ਬਟਾਲੇ ਵਿਚ ਹੋਇਆ। ਆਪ ਜੀ ਦਾ ਸਹੁਰਾ ਮੂਲਚੰਦ ਜੀ ਤੇ ਸੱਸ ਚੰਦੋ ਰਾਣੀ ਜੀ ਸਨ।

ਗੁਰੂ ਜੀ ਦੀ ਜੰਞ ਸੁਲਤਾਨਪੁਰ ਤੋਂ ਬਟਾਲੇ ਆਈ। ਜਿੱਥੇ ਜੰਞ ਦਾ ਉਤਾਰਾ ਕੀਤਾ ਸੀ। ਉਸ ਥਾਂ ਇਕ ਕੱਚੀ ਕੰਧ ਸੀ। ਮੂਲਚੰਦ ਦੇ ਪ੍ਰੋਹਿਤ ਨੇ ਬੇਦੀ (ਅੱਗ) ਦੁਆਲੇ ਪ੍ਰਕਰਮਾਂ ਕਰਵਾਉਣ ਦੀ ਤਿਆਰੀ ਕੀਤੀ ਤੇ ਗੁਰੂ ਜੀ ਨੂੰ ਅੱਗ ਦੀਆਂ ਪ੍ਰਕਰਮਾਂ ਕਰਨ ਵਾਸਤੇ ਕਿਹਾ।

ਗੁਰੂ ਜੀ ਨੇ ਕਿਹਾ, "ਸਾਡਾ ਇਸ਼ਟ ਅੱਗ ਨਹੀਂ। ਇਸ ਕਰਕੇ ਅਸੀਂ ਅੱਗ ਦੁਆਲੇ ਪ੍ਰਕਰਮਾਂ ਨਹੀਂ ਕਰਨੀਆਂ।" ਮੂਲਚੰਦ ਨੂੰ ਪੰਡਤ ਆਖਣ

ਲੱਗੇ, "ਤੇਰਾ ਜਵਾਈ ਸਾਡੇ ਆਖੇ ਨਹੀਂ ਲੱਗਦਾ। ਜੇ ਤੁਸੀਂ ਕਹੋ ਤਾਂ ਅਸੀਂ ਇਸ ਨੂੰ ਸਮਝਾ ਲੈਂਦੇ ਹਾਂ।" ਬ੍ਰਾਹਮਣਾਂ ਨੇ ਮੂਲਚੰਦ ਨੂੰ ਆਪਣੇ ਅਨੁਸਾਰੀ ਕਰ ਲਿਆ। ਗੁਰੂ ਜੀ ਨੂੰ ਸਾਰਿਆਂ ਨੇ ਬਹੁਤ ਸਮਝਾਉਣ ਦਾ ਯਤਨ ਕੀਤਾ। ਸਤਿਗੁਰੂ ਜੀ ਨੇ ਕਿਹਾ, "ਸਾਡਾ ਇਸ਼ਟ ਅਕਾਲ ਪੁਰਖ ਹੈ। ਅਸੀਂ ਉਸ ਤੋਂ ਬਿਨਾਂ ਅਤੇ ਉਸ ਦੇ ਨਾਮ ਤੋਂ ਬਗ਼ੈਰ ਕਿਸੇ ਦੀਆਂ ਪ੍ਰਕਰਮਾਂ ਨਹੀਂ ਕਰਨੀਆਂ।" ਸਤਿਗੁਰੂ ਜੀ ਅੱਗ ਦੁਆਲੇ ਪ੍ਰਕਰਮਾਂ ਕਰਨੀਆਂ ਨਹੀਂ ਮੰਨੇ, ਤਾਂ ਪੰਡਿਤਾਂ ਨੇ ਕੁਟਲ ਨੀਤੀ ਧਾਰੀ। ਇਨ੍ਹਾਂ ਨੇ ਸਲਾਹ ਕੀਤੀ ਕਿ ਇਨ੍ਹਾਂ ਉੱਤੇ ਉਹ ਕੱਚੀ ਕੰਧ ਡੇਗ ਕੇ ਡਰਾਵਾ ਦੇਈਏ ਤਾਂ ਇਹ ਮੰਨ ਜਾਣਗੇ। ਸਤਿਗੁਰੂ ਜੀ ਨੂੰ ਉਸ ਕੱਚੀ ਕੰਧ ਨੇੜੇ ਬਿਠਾ ਦਿੱਤਾ।

ਨਿਰਭਉ ਸਤਿਗੁਰੂ ਜੀ ਨੂੰ ਕਿਹੜਾ ਡਰਾ ਸਕਦਾ ਸੀ। ਇਨ੍ਹਾਂ ਬ੍ਰਾਹਮਣਾਂ ਦੀ ਸਲਾਹ ਇਕ ਬਿਰਧ ਮਾਈ ਨੇ ਸੁਣ ਲਈ। ਉਸ ਮਾਈ ਨੇ ਸਤਿਗੁਰੂ ਜੀ ਨੂੰ ਕਿਹਾ, "ਇਹ ਕੰਧ ਡਿੱਗਣ ਵਾਲੀ ਹੈ। ਤੁਸੀਂ ਇਥੋਂ ਉਠ ਜਾਓ।" ਉਧਰੋਂ ਉਨ੍ਹਾਂ ਪੰਡਿਤਾਂ ਦੇ ਆਦਮੀ ਉਸ ਕੰਧ ਨੂੰ ਡੇਗਣ

ਲੱਗ ਪਏ। ਗੁਰੂ ਜੀ ਨੇ ਕਿਹਾ, "ਮਾਤਾ ਤੂੰ ਡਰ ਨਾ। ਇਹ ਕੰਧ ਨਹੀਂ ਡਿੱਗਦੀ। ਸਾਡੇ ਵਿਆਹ ਦੀ ਨਿਸ਼ਾਨੀ ਕਈ ਸਦੀਆਂ ਤੱਕ ਰਹੇਗੀ।" ਜਦੋਂ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤਾ ਤਾਂ ਉਹ ਕੱਚੀ ਕੰਧ ਉਸੇ ਤਰ੍ਹਾਂ ਹੀ ਖੜ੍ਹੀ ਰਹੀ, ਨਾ ਡਿੱਗੀ। ਉਦੋਂ ਉਨ੍ਹਾਂ ਪੰਡਿਤਾਂ ਦਾ ਕੋਈ ਚਾਰਾ ਨਾ ਚੱਲਿਆ।

ਜਦੋਂ ਸਾਰੇ ਬ੍ਰਾਹਮਣ ਹਾਰ ਚੁੱਕੇ, ਉਸ ਵਕਤ ਹਰਿਦਿਆਲ ਪ੍ਰੋਹਿਤ ਨੇ ਕਿਹਾ, "ਆਪ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਹੋ, ਤੇ ਮੇਰੇ ਜਜ਼ਮਾਨ ਹੋ ਮੈਂ ਆਪ ਜੀ ਦਾ ਪ੍ਰੋਹਿਤ ਹਾਂ। ਜਿਸ ਤਰ੍ਹਾਂ ਆਪ ਜੀ ਨੇ ਮੈਨੂੰ ਗਿਆਨ ਦਾ ਜਨੇਊ ਬਖ਼ਸ਼ਿਆ ਸੀ। ਉਸੇ ਤਰ੍ਹਾਂ ਲਾਵਾਂ ਦੀ ਮਰਿਆਦਾ ਵੀ ਦੱਸੋ। ਆਪ ਕਿਸ ਦੇ ਦੁਆਲੇ ਪ੍ਰਕਰਮਾਂ ਕਰੋਗੇ।" ਗੁਰੂ ਜੀ ਨੇ ਕਿਹਾ, "ਅਸੀਂ ਨਾਮ ਦੀਆਂ ਪ੍ਰਕਰਮਾਂ ਕਰਨੀਆਂ ਹਨ।" ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਜਦੋਂ ਅਵਤਾਰ ਧਾਰਿਆ ਸੀ, ਓਦੋਂ ਹੀ ਮੂਲ ਮੰਤਰ ਲੈ ਕੇ ਆਏ ਸਨ। ਉਸ ਵਕਤ ਗੁਰੂ ਜੀ ਨੇ ਕਾਗ਼ਜ਼ ਤੇ ਕਲਮ ਦਵਾਤ ਤੇ ਚੌਕੀ ਮੰਗਵਾ ਕੇ ਮੂਲ ਮੰਤਰ ਆਪਣੇ

ਹੱਥੀਂ ਕਾਗ਼ਜ਼ 'ਤੇ ਲਿਖਿਆ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਸਾਦਿ॥

ਜਪੁ॥

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ॥
ਨਾਨਕ ਹੋਸੀ ਭੀ ਸਚੁ॥੧॥

ਗੁਰੂ ਜੀ ਨੇ ਉਸ ਵਕਤ ਚੌਕੀ ਤੇ ਰੁਮਾਲ ਵਿਛਾ ਕੇ ਉੱਪਰ ਲਿਖਿਆ ਮੂਲ ਮੰਤਰ ਰੱਖ ਦਿੱਤਾ। ਸਤਿਗੁਰੂ ਜੀ ਨੇ ਅਪਣੇ ਮਹਿਲ ਜਗਤ ਮਾਤਾ ਸੁਲਖੱਣੀ ਜੀ ਨੂੰ ਨਾਲ ਲੈ ਕੇ ਮੂਲ ਮੰਤਰ ਦੀਆਂ ਚਾਰ ਪ੍ਕਰਮਾਂ ਕਰਕੇ ਮੂਲ ਮੰਤਰ ਨੂੰ ਮੱਥਾ ਟੇਕਿਆ। ਸਤਿਗੁਰੂ ਜੀ ਨੇ ਸਦਾ ਵਾਸਤੇ ਮਰਿਆਦਾ ਕਾਇਮ ਕਰ ਦਿੱਤੀ ਕਿ ਗੁਰਬਾਣੀ ਦੀਆਂ ਪ੍ਕਰਮਾਂ ਕਰਨੀਆਂ ਹਨ। ਅੱਗ ਦੀਆਂ ਪ੍ਕਰਮਾਂ ਨਹੀਂ ਕਰਨੀਆਂ। (ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਚਾਰ ਲਾਵਾਂ ਉਚਾਰੀਆਂ। ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੌਹਾਂ ਪਾਤਿਸ਼ਾਹੀਆਂ ਦੀ ਬਾਣੀ ਤੇ ਆਪਣੀ ਬਾਣੀ ਇਕੱਠੀ ਕਰਕੇ ਭਾਈ ਗੁਰਦਾਸ ਜੀ

ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਵਾਇਆ। ਉਦੋਂ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਾਵਾਂ ਤੇ ਪ੍ਰਕਰਮਾਂ ਕਰਨ ਦੀ ਮਰਿਆਦਾ ਬਣਾਈ ਹੈ।)

ਇਸ ਤਰ੍ਹਾਂ ਬਟਾਲੇ ਤਿੰਨ ਦਿਨ ਬਰਾਤ ਰਹੀ, ਚੌਥੇ ਦਿਨ ਬਾਬਾ ਕਾਲੂ ਜੀ ਨੇ ਮੂਲਚੰਦ ਜੀ ਕੋਲੋਂ ਵਿਦਾਇਗੀ ਲਈ। ਇਸ ਤਰ੍ਹਾਂ ਬਰਾਤ ਸੁਲਤਾਨਪੁਰ ਵਾਪਸ ਆ ਗਈ।

ਉਸ ਕੰਧ ਵਾਲੀ ਜਗ੍ਹਾ ਹੁਣ ਸੁੰਦਰ ਗੁਰਦੁਆਰਾ ਕੰਧ ਸਾਹਿਬ ਸੁਸ਼ੋਭਿਤ ਹੈ। ਉਸ ਕੰਧ ਦਾ ਕੁਝ ਹਿੱਸਾ ਗੁਰਦੁਆਰੇ ਦੇ ਅੰਦਰ ਸ਼ੀਸ਼ੇ ਵਿਚ ਹੁਣ ਵੀ ਮੌਜੂਦ ਹੈ। ਜਿਥੇ ਗੁਰੂ ਸਾਹਿਬ ਜੀ ਦੀਆਂ ਲਾਵਾਂ ਹੋਈਆਂ ਸਨ। ਉਹ ਕੰਧ ਸਾਹਿਬ ਤੋਂ ਥੋੜ੍ਹੀ ਦੂਰ ਮੂਲਚੰਦ ਜੀ ਦੇ ਘਰ ਵਾਲੇ ਅਸਥਾਨ 'ਤੇ ਗੁਰਦੁਆਰਾ ਡੇਰਾ ਸਾਹਿਬ ਹੈ।

## ਪ੍ਰਸ਼ਨ

੧. ਗੁਰੂ ਨਾਨਕ ਦੇਵ ਜੀ ਦਾ ਵਿਆਹ ਕਿਥੇ ਅਤੇ ਕਦੋਂ ਹੋਇਆ ?

੨. ਮੂਲਚੰਦ ਦੇ ਪ੍ਰੋਹਿਤ ਨੇ ਗੁਰੂ ਜੀ ਨੂੰ ਕੀ ਕਿਹਾ ਤੇ ਗੁਰੂ ਜੀ ਨੇ ਕੀ ਉੱਤਰ ਦਿੱਤਾ ?
੩. ਹਰਿਦਿਆਲ ਪ੍ਰੋਹਿਤ ਨੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ ?
੪. ਪੰਜਵੇਂ ਪਾਤਿਸ਼ਾਹ ਜੀ ਨੇ ਕੀ ਮਰਿਆਦਾ ਬਣਾਈ ?

## ਪਾਠ ੧੨

# ਗੁਰੂ ਨਾਨਕ ਦੇਵ ਜੀ ਵੇਈਂ ਰਾਹੀਂ ਸੱਚਖੰਡ ਗਏ

ਇਕ ਦਿਨ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ ਕਿ ਅਸੀਂ ਸੰਸਾਰ ਦੀ ਕਾਨ-ਕਨੌੜ ਛਡ ਕੇ, ਹੋਰ ਹੀ ਕੰਮ ਕਰਨੇ ਹਨ। ਤੂੰ ਬੇਬੇ ਨਾਨਕੀ ਜੀ ਕੋਲ ਰਹੀਂ। ਇਸੇ ਤਰ੍ਹਾਂ ਭਾਈ ਭਗੀਰਥ ਨੂੰ ਕਿਹਾ, "ਤੂੰ ਹੁਣ ਆਪਣੇ ਘਰ ਨੂੰ ਜਾਹ ਕਦੇ ਕਦੇ ਆ ਕੇ ਸਾਡੇ ਦਰਸ਼ਨ ਕਰ ਲਵੀਂ।"

ਇਕ ਦਿਨ ਗੁਰੂ ਜੀ ਰੋਜ਼ ਦੀ ਤਰ੍ਹਾਂ ਇਕ ਸੇਵਕ ਨੂੰ ਨਾਲ ਲੈ ਕੇ ਵੇਈਂ ਵਿਚ ਇਸ਼ਨਾਨ ਕਰਨ ਗਏ। ਗੁਰੂ ਜੀ ਨੇ ਬੇਰੀ ਦੀ ਦਾਤਣ ਕਰ ਕੇ ਧਰਤੀ 'ਤੇ ਗੱਡ ਦਿੱਤੀ। ਬਾਅਦ ਵਿਚ ਉਹ ਦਾਤਣ ਉੱਗ ਕੇ ਬੇਰੀ ਦਾ ਦ੍ਰਖ਼ਤ ਬਣ ਗਿਆ ਹੈ। ਗੁਰੂ ਜੀ ਇਸ਼ਨਾਨ ਕਰਨ ਵਾਸਤੇ ਵੇਈਂ ਵਿਚ ਗਏ, ਤੇ ਚੁੱਭੀ ਲਾ ਕੇ ਸੱਚਖੰਡ ਨੂੰ ਚੱਲੇ ਗਏ। ਜਿਹੜਾ ਗੁਰੂ ਜੀ ਦਾ ਸੇਵਕ ਕੱਪੜੇ ਲੈ ਕੇ ਖਲੋਤਾ

ਸੀ। ਉਹ ਬਹੁਤ ਹੀ ਚਿਰ ਵੇਖਦਾ ਰਿਹਾ। ਜਦੋਂ ਗੁਰੂ ਜੀ ਬਾਹਰ ਨਾ ਆਏ ਤਾਂ ਸੇਵਕ ਝੂਰਦਾ ਹੋਇਆ ਦੌਲਤ ਖ਼ਾਂ ਪਾਸ ਗਿਆ। ਦੌਲਤ ਖ਼ਾਂ ਨੂੰ ਆਖਣ ਲੱਗਾ ਗੁਰੂ ਜੀ ਸਵੇਰ ਦੇ ਵੇਈਂ ਵਿਚ ਇਸ਼ਨਾਨ ਕਰਨ ਗਏ ਸਨ ਪਰ ਵੇਈਂ ਵਿੱਚੋਂ ਬਾਹਰ ਨਹੀਂ ਆਏ।

ਦੌਲਤ ਖ਼ਾਂ ਨੇ ਜਦੋਂ ਇਹ ਗੱਲ ਸੁਣੀ ਤਾਂ ਛੇਤੀ ਘੋੜੇ 'ਤੇ ਚੜ੍ਹ ਕੇ ਵੇਈਂ 'ਤੇ ਗਿਆ। ਗੁਰੂ ਜੀ ਦੀ ਭਾਲ ਕਰਨ ਵਾਸਤੇ ਮਲਾਹਾਂ ਨੂੰ ਸੱਦਿਆ ਤੇ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਦੌਲਤ ਖ਼ਾਂ ਦਾ ਮੋਦੀ ਵੇਈਂ ਵਿਚ ਡੁੱਬ ਗਿਆ ਹੈ। ਇਹ ਗੱਲ ਸੁਣ ਕੇ ਜੈ ਰਾਮ ਜੀ ਵੀ ਝੂਰਦੇ ਹੋਏ ਵੇਈਂ ਤੇ ਗਏ। ਵੇਈਂ ਵਿਚ ਸਾਰੇ ਹੀ ਗੁਰੂ ਜੀ ਦੀ ਭਾਲ ਕਰਨ ਲਗ ਪਏ। ਪਰ ਗੁਰੂ ਜੀ ਨਾ ਮਿਲੇ, ਗੁਰੂ ਜੀ ਦੇ ਨਾ ਮਿਲਣ 'ਤੇ ਸਾਰਿਆਂ ਨੇ ਪਛਤਾਵਾ ਕੀਤਾ। ਦੌਲਤ ਖ਼ਾਂ ਨੇ ਕਿਹਾ ਮੈਨੂੰ ਇਹੋ ਜਿਹਾ ਨੇਕ ਮੋਦੀ ਮੁੜ ਕੇ ਨਹੀਂ ਮਿਲਣਾ।

ਸਿਰਫ਼ ਇਕ ਬੇਬੇ ਨਾਨਕੀ ਜੀ ਹੀ ਨਾ ਡੋਲੀ ਬਾਕੀ ਦੇ ਸਾਰੇ ਡੋਲ ਗਏ। ਬੇਬੇ ਨਾਨਕੀ ਜੀ ਨੇ ਕਿਹਾ, "ਮੇਰੇ ਭਰਾਤਾ ਜੀ ਪਰਮਾਤਮਾ ਦੇ

ਅਵਤਾਰ ਹਨ। ਉਹ ਆਪਣੇ ਕੌਤਕ ਕਰ ਰਹੇ ਹਨ ਅਤੇ ਅਪਣੇ ਪਤੀ ਜੈ ਰਾਮ ਜੀ ਨੂੰ ਕਿਹਾ ਆਪ ਜੀ ਧੀਰਜ ਕਰੋ। ਤੇ ਮਨ ਨੂੰ ਨਾ ਡੁਲਾਓ।" ਇਸ ਤਰ੍ਹਾਂ ਸੁਣ ਕੇ ਸੋਚਾਂ ਵਿਚ ਡੁੱਬੇ ਹੋਏ ਜੈ ਰਾਮ ਜੀ ਨੇ ਕਿਹਾ, "ਮਲਾਹਾਂ ਨੇ ਪਾਣੀ ਵਿਚ ਜਾਲ ਪਾ ਕੇ ਵੇਖਿਆ। ਉਸ ਵਿਚ ਕੱਛੂ ਕੁੰਮੇ ਮੱਛੀਆਂ ਆਦਿ ਜਲ ਜੰਤੂ ਹੀ ਮਿਲੇ ਸਨ। ਪਰ ਗੁਰੂ ਜੀ ਦਾ ਕੋਈ ਵੀ ਪਤਾ ਨਹੀਂ ਲੱਗਾ।" ਦੌਲਤ ਖ਼ਾਂ ਆਦਿ ਵੀ ਨਿਰਾਸ ਫਿਰ ਰਹੇ ਸਨ।

ਗੁਰੂ ਜੀ ਦੇ ਮਹਿਲ ਮਾਤਾ ਸੁਲਖੱਣੀ ਜੀ ਗੁਰੂ ਜੀ ਦੇ ਵਿਛੋੜੇ ਵਿਚ ਬਹੁਤ ਰੋ ਰਹੀ ਸੀ। ਬੇਬੇ ਨਾਨਕੀ ਜੀ ਆਪਣੀ ਭਰਜਾਈ ਨੂੰ ਧੀਰਜ ਦੇ ਰਹੇ ਸਨ। "ਤੂੰ ਭਰਾਤਾ ਜੀ ਦਾ ਭੇਦ ਨਹੀਂ ਜਾਣਦੀ। ਐਵੇਂ ਹੀ ਸੋਗ ਤੇ ਚਿੰਤਾ ਕਿਉਂ ਕਰਦੀ ਹੈਂ ? ਤੇਰੇ ਪਤੀ ਜੀ ਛੇਤੀ ਆ ਕੇ ਜ਼ਰੂਰ ਮਿਲਣਗੇ। ਮੇਰੀ ਸਿੱਖਿਆ ਨੂੰ ਹਿਰਦੇ ਵਿਚ ਦ੍ਰਿੜ ਕਰ ਲੈ।" ਇਸ ਤਰ੍ਹਾਂ ਬੇਬੇ ਨਾਨਕੀ ਜੀ ਸਾਰੇ ਪਰਿਵਾਰ ਨੂੰ ਚੰਗੀ ਸਿੱਖਿਆ ਦਿੰਦੀ ਰਹੀ। ਗੁਰੂ ਜੀ ਦੀ ਕਈ ਬੰਦੇ ਵਡਿਆਈ ਕਰਦੇ ਤੇ ਕਈ ਨਿੰਦਾ ਕਰਦੇ। ਜਦੋਂ ਰਾਤ ਪਈ ਤਾਂ ਬੇਬੇ ਨਾਨਕੀ ਜੀ ਨੇ ਗੁਰੂ ਜੀ ਦਾ

ਧਿਆਨ ਧਾਰ ਕੇ ਕਿਹਾ, "ਹੇ ਮੁਕਤੀ ਦਾਤੇ! ਪਰਮੇਸ਼ਰ ਦੇ ਅਵਤਾਰ! ਜੇ ਮੇਰੇ ਹਿਰਦੇ ਵਿਚ ਸੱਚੀ ਸ਼ਰਧਾ ਹੈ ਤਾਂ ਆਪ ਜੀ ਦਰਸ਼ਨ ਦੇ ਕੇ ਸਾਰਿਆਂ ਦਾ ਸੋਗ ਦੂਰ ਕਰੋ।" ਇਸ ਤਰ੍ਹਾਂ ਸਾਰੀ ਰਾਤ ਬਹੁਤ ਬੇਨਤੀਆਂ ਕਰਦੀ ਰਹੀ।

ਜਦੋਂ ਗੁਰੂ ਜੀ ਸੱਚਖੰਡ ਗਏ ਤਾਂ ਅੱਗੇ ਅਕਾਲ ਪੁਰਖ ਨੇ ਪ੍ਰੇਮ ਨਾਲ ਆਖਿਆ, "ਆਓ ਨਾਨਕ ਜੀ ਨਾਮ ਰਸੀਏ! ਆਪ ਜੀ ਨੂੰ ਸੰਸਾਰ ਵਿਚ ਧਰਮ ਦੀ ਮਰਿਆਦਾ ਤੋਰਨ ਵਾਸਤੇ ਭੇਜਿਆ ਹੈ। ਇਹ ਕਾਰਜ ਕਿੰਨਾ ਕੁ ਕੀਤਾ ਹੈ। ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ, "ਹੇ ਸਰਬਗ ਸੁਆਮੀ ਅਕਾਲ ਪੁਰਖ ਜੀਓ! ਜਿਥੇ ਆਪ ਜੀ ਦੀ ਆਗਿਆ ਹੋਈ, ਉਥੇ ਸੱਚਾ ਨਾਮ ਜਪਾਇਆ ਹੈ। ਅਤੇ ਜਿਥੇ ਜਿਥੇ ਆਪ ਜੀ ਦਾ ਹੁਕਮ ਹੋਵੇਗਾ, ਉਥੇ ਉਥੇ ਆਪ ਜੀ ਦਾ ਸੱਚਾ ਨਾਮ ਜਪਾਵਾਂਗਾ। ਅੱਗੇ ਜਿਵੇਂ ਆਪ ਜੀ ਦਾ ਹੁਕਮ ਹੋਵੇਗਾ ਤਿਵੇਂ ਹੀ ਕਰਾਂਗਾ। ਦੁਨੀਆਂ ਅੰਦਰ ਪਹਿਲਾਂ ਗੁਰੂ ਧਾਰਨ ਦੀ ਮਰਿਆਦਾ ਹੈ। ਫੇਰ ਪ੍ਰਚਾਰ ਕੀਤਾ ਜਾਂਦਾ ਹੈ। ਸੋ, ਆਪ ਜੀ ਕ੍ਰਿਪਾ ਕਰਕੇ ਹੁਕਮ ਕਰੋ।"

ਫਿਰ ਅਕਾਲ ਪੁਰਖ ਨੇ ਗੁਰ ਮਰਿਆਦਾ ਪੂਰੀ ਕਰਨ ਵਾਸਤੇ ਗੁਰੂ ਰੂਪ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੂਲ ਮੰਤਰ ਬਖ਼ਸ਼ਿਆ। ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਅਕਾਲ ਪੁਰਖ ਨੇ ਗੁਰੂ ਜੀ ਨੂੰ ਕਿਹਾ, "ਇਸ ਮੂਲ ਮੰਤਰ ਨੂੰ ਪੂਰਾ ਕਰੋ।" ਗੁਰੂ ਨਾਨਕ ਦੇਵ ਜੀ ਨੇ ਹੁਕਮ ਮੰਨ ਕੇ ਇਸ ਤਰ੍ਹਾਂ ਉਚਾਰਿਆ। ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ ਅਕਾਲ ਪੁਰਖ ਨੇ ਖ਼ੁਸ਼ ਹੋ ਕੇ ਕਿਹਾ, "ਜੋ ਇਸ ਮੂਲ ਮੰਤਰ ਦਾ ਜਾਪ ਕਰੇਗਾ ਉਸ ਜੀਵ ਦੇ ਸਮੂਹ ਦੁਖ ਨਾਸ ਹੋ ਜਾਣਗੇ।" ਫਿਰ ਅਕਾਲ ਪੁਰਖ ਨੇ ਕਿਹਾ ਤੁਸੀਂ ਮੋਦੀ ਦਾ ਕੰਮ ਛੱਡ ਕੇ ਸੰਸਾਰ ਦੇ ਜੀਆਂ ਨੂੰ ਨਾਮ ਜਪਾ ਕੇ ਖੋਟੀ ਬੁੱਧੀ ਤੋਂ ਛੁਟਕਾਰਾ ਦੁਆਓ। ਇਸ ਤਰ੍ਹਾਂ ਗੁਰੂ ਜੀ ਅਕਾਲ ਪੁਰਖ ਨੂੰ ਨਮਸਕਾਰ ਕਰਕੇ ਸੁਲਤਾਨਪੁਰ ਨੂੰ ਮੁੜ ਆਏ।

ਬੇਬੇ ਨਾਨਕੀ ਜੀ ਸੇਵਕ ਨੂੰ ਕੱਪੜੇ ਦੇ ਕੇ, ਰੋਜ਼ ਵੇਈਂ 'ਤੇ ਭੇਜ ਦਿਆ ਕਰਦੀ ਸੀ। ਦਾਸ ਗੁਰੂ ਜੀ ਨੂੰ ਦਰਿਆ ਦੇ ਕਿਨਾਰੇ 'ਤੇ ਵੇਖ ਰਿਹਾ ਸੀ।

ਗੁਰੂ ਜੀ ਨੇ ਜਿਥੋਂ ਵੇਈਂ ਵਿਚ ਚੁੱਭੀ ਲਾਈ ਸੀ। ਉਸ ਤੋਂ ਕਿਲੋ ਮੀਟਰ ਕੁ ਚੜ੍ਹਦੇ ਪਾਸੇ ਵੱਲ ਤਿੰਨ ਦਿਨ ਬਿਤਾ ਕੇ ਸਵੇਰ ਵੇਲੇ ਵੇਈਂ ਤੋਂ ਬਾਹਰ ਨਿਕਲੇ। ਅੱਜ-ਕੱਲ੍ਹ ਉਥੇ ਸੰਤ ਘਾਟ ਗੁਰਦੁਆਰਾ ਹੈ। ਅੱਗੇ ਦਾਸ ਕਪੜੇ ਲੈ ਕੇ ਖਲੋਤਾ ਸੀ। ਗੁਰੂ ਜੀ ਨੇ ਦਾਸ ਨੂੰ ਵੇਖ ਕੇ ਆਖਿਆ ਸਿੱਖਾ ਨਿਹਾਲ ਹੋ। ਇਤਨਾ ਆਖਣ ਦੀ ਦੇਰ ਸੀ ਕਿ ਸਿੱਖ ਦੇ ਅੰਦਰ ਦਾ ਅਗਿਆਨ ਦੂਰ ਹੋ ਕੇ ਗਿਆਨ ਦਾ ਪ੍ਰਕਾਸ਼ ਹੋ ਗਿਆ। ਗੁਰੂ ਜੀ ਹੌਲੀ ਹੌਲੀ ਸੁਲਤਾਨਪੁਰ ਨੂੰ ਆ ਗਏ। ਗੁਰੂ ਜੀ ਨੇ ਪਹਿਲਾਂ ਸੇਵਕ ਨੂੰ ਭੇਜ ਦਿੱਤਾ। "ਜਾਓ! ਭੈਣ ਨਾਨਕੀ ਜੀ, ਜਿਥੇ ਪਰਮੇਸ਼ਰ ਦੇ ਧਿਆਨ ਵਿਚ ਬੈਠੇ ਹਨ, ਮੇਰੇ ਤਰਫ਼ੋ ਉਨ੍ਹਾਂ ਦੇ ਚਰਨਾਂ 'ਤੇ ਮੱਥਾ ਟੇਕੋ।"

ਇਸ ਤਰ੍ਹਾਂ ਸੁਣ ਕੇ ਦਾਸ ਛੇਤੀ ਗਿਆ। ਘਰ ਵਿਚ ਜਿਥੇ ਬੇਬੇ ਨਾਨਕੀ ਜੀ ਗੁਰੂ ਜੀ ਦੇ ਸਰੂਪ ਨਾਲ ਧਿਆਨ ਜੋੜ ਕੇ ਬੈਠੇ ਸਨ। ਦਾਸ ਨੇ ਉਥੇ ਜਾ ਕੇ ਬੇਬੇ ਨਾਨਕੀ ਜੀ ਦੇ ਚਰਨਾਂ 'ਤੇ ਗੁਰੂ ਜੀ ਵਲੋਂ ਮੱਥਾ ਟੇਕਿਆ ਤੇ ਕਿਹਾ, "ਆਪ ਜੀ ਦੇ ਭਰਾਤਾ ਜੀ ਆ ਰਹੇ ਹਨ।" ਇਸ ਤਰ੍ਹਾਂ ਸੁਣ ਕੇ ਬੇਬੇ ਨਾਨਕੀ ਜੀ ਦੀਆਂ ਅੱਖਾਂ ਖੁੱਲ੍ਹ ਗਈਆਂ ਤੇ

ਖ਼ੁਸ਼ ਹੋ ਕੇ ਜੈ ਰਾਮ ਜੀ ਕੋਲ ਗਏ ਤੇ ਜਾ ਕੇ ਆਖਿਆ, "ਪਤੀ ਜੀ ! ਮੇਰੇ ਭਰਾਤਾ ਜੀ ਆ ਰਹੇ ਹਨ। ਤੁਸੀਂ ਸੋਚਾਂ ਨੂੰ ਛੱਡ ਦਿਓ।" ਗੁਰੂ ਜੀ ਨੂੰ ਆਉਂਦਿਆਂ ਵੇਖ ਕੇ ਭੈਣ ਨਾਨਕੀ ਤੇ ਜੈ ਰਾਮ ਜੀ ਬਹੁਤ ਪ੍ਰੇਮ ਨਾਲ ਮਿਲੇ ਤੇ ਸਾਰਾ ਪਰਿਵਾਰ ਗੁਰੂ ਜੀ ਨੂੰ ਪ੍ਰੇਮ ਨਾਲ ਮਿਲਿਆ।

ਸ਼ਹਿਰ ਵਿਚ ਗੁਰੂ ਜੀ ਦੇ ਆਉਣ ਬਾਰੇ ਰੌਲਾ ਪੈ ਗਿਆ। ਜਿਹੜਾ ਵੀ ਸੁਣਦਾ ਛੇਤੀ ਆ ਕੇ ਮਿਲਦਾ। ਗੁਰੂ ਜੀ ਹੌਲੀ-ਹੌਲੀ ਆ ਕੇ ਮੋਦੀਖ਼ਾਨੇ ਦੇ ਅੱਗੇ ਆ ਖੜ੍ਹੇ ਹੋ ਗਏ। ਪ੍ਰੇਮੀਆਂ ਨੂੰ ਅਸੀਸਾਂ ਦਿੱਤੀਆਂ। ਹੱਟ ਦੇ ਬੂਹੇ ਬੰਦ ਵੇਖ ਕੇ ਗੁਰੂ ਜੀ ਨੇ ਪੁੱਛਿਆ, "ਇਹ ਕਿਸ ਨੇ ਬੰਦ ਕੀਤੇ ਹਨ ?" ਸੇਵਕਾਂ ਨੇ ਕਿਹਾ ਦੌਲਤ ਖ਼ਾਂ ਨੇ ਆਪ ਆ ਕੇ ਬੰਦ ਕਰਕੇ ਮੋਹਰ ਲਗਾਈ ਹੈ। ਗੁਰੂ ਜੀ ਨੇ ਦੁਕਾਨ ਖੋਲ੍ਹ ਕੇ ਗ਼ਰੀਬਾਂ ਨੂੰ ਕਿਹਾ ਜਿਸ ਨੂੰ ਜਿਹੜੀ ਚੀਜ਼ ਚੰਗੀ ਲੱਗਦੀ ਹੈ, ਉਹ ਕਿਸੇ ਦੇ ਡਰ ਤੋਂ ਬਗ਼ੈਰ ਲੈ ਲਵੋ। ਇਸ ਤਰ੍ਹਾਂ ਗੁਰੂ ਜੀ ਤੋਂ ਸੁਣ ਕੇ ਹੱਟੀ ਵਿਚ ਲੁੱਟ ਪੈ ਗਈ। ਲੋਕੀਂ ਮੋਦੀਖ਼ਾਨੇ ਨੂੰ ਬਹੁਤ ਚਿਰ ਲੁੱਟਦੇ ਰਹੇ ਪਰ ਮੋਦੀਖ਼ਾਨੇ ਵਿਚ ਕਿਸੇ ਚੀਜ਼ ਦਾ ਘਾਟਾ ਨਹੀਂ ਪਿਆ।

ਕਿਸੇ ਨੇ ਜਾ ਕੇ ਮੋਦੀਖ਼ਾਨਾ ਲੁਟਾਉਣ ਦੀ ਸਾਰੀ ਗੱਲ ਦੌਲਤ ਖ਼ਾਂ ਨੂੰ ਦੱਸ ਦਿੱਤੀ। ਦੌਲਤ ਖ਼ਾਂ ਇਹ ਸੁਣ ਕੇ ਬਹੁਤ ਹੀ ਹੈਰਾਨ ਹੋਇਆ। ਉਸਨੇ ਆਪਣਾ ਬੰਦਾ ਭੇਜ ਕੇ ਮੋਦੀਖ਼ਾਨਾ ਬੰਦ ਕਰਵਾਇਆ। ਦੌਲਤ ਖ਼ਾਂ ਨੇ ਆਪ ਆ ਕੇ ਗੁਰੂ ਜੀ ਨੂੰ ਚੰਗੀ ਤਰ੍ਹਾਂ ਵੇਖਿਆ। ਗੁਰੂ ਜੀ ਨੇ ਖ਼ਫ਼ਣੀ ਪਾਈ ਸੀ। ਇਹ ਵੇਖ ਕੇ ਦੌਲਤ ਖ਼ਾਂ ਉਦਾਸ ਹੋ ਗਿਆ ਅਤੇ ਕਹਿਣ ਲੱਗਾ ਤਿੰਨ ਦਿਨ ਪਾਣੀ ਵਿਚ ਰਹਿ ਕੇ ਇਸ ਨੂੰ ਕਿਹੜਾ ਭੂਤ ਚਿੰਬੜ ਗਿਆ, ਸਾਰੀ ਹੱਟੀ ਲੁੱਟਾ ਦਿੱਤੀ। ਇਸ ਨੇ ਤਾਂ ਫ਼ਕੀਰੀ ਭੇਸ ਧਾਰ ਲਿਆ ਹੈ। ਇਸ ਤਰ੍ਹਾਂ ਉਦਾਸ ਹੋ ਕੇ ਉਹ ਘਰ ਨੂੰ ਚਲਾ ਗਿਆ।

ਗੁਰੂ ਜੀ ਉਸੇ ਵੇਲੇ ਮਸਾਣਾਂ ਵਿਚ ਜਾ ਕੇ ਬੈਠ ਗਏ। ਸ਼ਹਿਰ ਦੇ ਕਈ ਲੋਕ ਆਖਣ ਲੱਗੇ, "ਇਹ ਕਮਲਾ ਹੋ ਗਿਆ ਹੈ। ਇਸ ਨੂੰ ਕੋਈ ਖ਼ਬਰ ਨਹੀਂ।" ਨਿੰਦਕ ਲੋਕਾਂ ਨੇ ਦੌਲਤ ਖ਼ਾਂ ਪਾਸ ਚੁਗ਼ਲੀ ਕੀਤੀ। ਇਨ੍ਹਾਂ ਨੇ ਸਾਰਾ ਧਨ ਗਵਾ ਕੇ ਹੁਣ ਫ਼ਕੀਰ ਬਣਨ ਦਾ ਬਹਾਨਾ ਬਣਾਇਆ ਹੈ। ਦੌਲਤ ਖ਼ਾਂ ਨੂੰ ਆਖਣ ਲੱਗੇ, "ਹੁਣ ਤੁਸੀਂ ਜੈ ਰਾਮ ਪਾਸੋਂ ਮੋਦੀਖ਼ਾਨੇ ਦਾ ਲੇਖਾ ਲਓ, ਇਹ ਮੋਦੀ ਦਾ

ਜਾਮਨ ਹੈ।" ਇਹ ਸੁਣ ਕੇ ਦੌਲਤ ਖ਼ਾਂ ਨੇ ਜੈ ਰਾਮ ਜੀ ਨੂੰ ਸੱਦ ਕੇ ਕਿਹਾ, "ਜੋ ਇਕ ਸਾਲ ਦਾ ਬਹੁਤ ਵੱਡਾ ਲੇਖਾ ਹੈ, ਉਸ ਨੂੰ ਪੂਰਾ ਕਰੋ। ਜੇ ਸਾਡੇ ਤੇਰੇ ਵੱਲ ਪੈਸੇ ਵਧਣਗੇ ਤਾਂ ਤੂੰ ਘਰੋਂ ਪੂਰੇ ਕਰ ਦੇਵੀਂ। ਉਦੋਂ ਜੈ ਰਾਮ ਜੀ ਨੇ ਕਿਹਾ, "ਮੈਨੂੰ ਇਕ ਵਾਰੀ ਨਾਨਕ ਜੀ ਕੋਲ ਜਾਣ ਦਿਓ। ਫਿਰ ਮੈਂ ਆ ਕੇ ਤੁਹਾਡਾ ਹਿਸਾਬ ਦੇ ਦਿਆਂਗਾ।" ਇਸ ਤਰ੍ਹਾਂ ਆਖ ਕੇ ਜੈ ਰਾਮ ਜੀ ਗੁਰੂ ਜੀ ਕੋਲ ਆ ਗਏ। ਉਥੇ ਜਾ ਕੇ ਜੈ ਰਾਮ ਜੀ ਨੇ ਗੁਰੂ ਜੀ ਨੂੰ ਨਮਸਕਾਰ ਕਰਕੇ ਕਿਹਾ, "ਦੌਲਤ ਖ਼ਾਂ ਨੇ ਜੋ ਇਕ ਸਾਲ ਦਾ ਲੇਖਾ ਰਹਿੰਦਾ ਹੈ, ਉਸਨੂੰ ਪੂਰਾ ਕਰਨ ਵਾਸਤੇ ਕਿਹਾ ਹੈ।"

ਇਹ ਸੁਣ ਕੇ ਗੁਰੂ ਜੀ ਉੱਠ ਕੇ ਜੈ ਰਾਮ ਜੀ ਨਾਲ ਦੌਲਤ ਖ਼ਾਂ ਪਾਸ ਆ ਗਏ। ਫਿਰ ਮੁਨਸ਼ੀ ਨੇ ਦੌਲਤ ਖ਼ਾਂ ਦੇ ਹੁਕਮ ਨਾਲ ਸਾਲ ਦਾ ਸਾਰਾ ਲੇਖਾ ਕੀਤਾ। ਗੁਰੂ ਜੀ ਦੇ ਸੱਤ ਸੌ ਸੱਠ (੭੬੦/-) ਰੁਪਏ ਬਾਕੀ ਨਿਕਲੇ। ਜੈ ਰਾਮ ਜੀ ਖ਼ੁਸ਼ ਹੋਏ। ਦੌਲਤ ਖ਼ਾਂ ਨੂੰ ਗੁਰੂ ਜੀ ਦੇ ਵਧੇ ਰੁਪਏ ਦਸੇ ਗਏ। ਇਹ ਸੁਣ ਕੇ ਦੌਲਤ ਖ਼ਾਂ ਹੈਰਾਨ ਹੋਇਆ। ਨਿੰਦਕਾਂ ਨੂੰ ਸ਼ਰਮਿੰਦੇ ਹੋਣਾ ਪਿਆ। ਦੌਲਤ ਖ਼ਾਂ ਨੇ ਗੁਰੂ ਜੀ ਨੂੰ

ਕਿਹਾ, "ਆਪਣਾ ਬਕਾਇਆ ਲੈ ਲਓ। ਮੈਥੋਂ ਹੋਰ ਧਨ ਲੈ ਕੇ ਮੋਦੀਖ਼ਾਨਾ ਚਲਾਓ।" ਗੁਰੂ ਜੀ ਨੇ ਕਿਹਾ, "ਮੈਂ ਮਾਇਆ ਨਹੀਂ ਲੈਣੀ। ਜਿਹੜਾ ਸਾਡਾ ਧਨ ਤੁਹਾਡੇ ਕੋਲ ਬਾਕੀ ਹੈ। ਆਪਣਾ ਈਮਾਨ ਰੱਖ ਕੇ ਇਹ ਫ਼ਕੀਰਾਂ ਨੂੰ ਦੇ ਦਿਓ।" ਇਹ ਆਖ ਕੇ ਗੁਰੂ ਜੀ ਫਿਰ ਮਸਾਣਾਂ ਵਿਚ ਬੈਠ ਗਏ। ਬੇਬੇ ਨਾਨਕੀ ਜੀ ਨਾ ਡੋਲੇ। ਉਸ ਨੇ ਕਿਹਾ ਭਰਾਤਾ ਜੀ ਜੋ ਕਰ ਰਹੇ ਹਨ, ਉਹ ਠੀਕ ਹੈ। ਉਨ੍ਹਾਂ ਨੂੰ ਸਾਡਾ ਕਹਿਣਾ ਨਹੀਂ ਬਣਦਾ।

## ਪ੍ਰਸ਼ਨ

੧. ਜਦੋਂ ਗੁਰੂ ਜੀ ਵੇਈਂ 'ਤੇ ਇਸ਼ਨਾਨ ਕਰਨ ਗਏ ਤਾਂ ਉਥੋਂ ਕੀ ਆਵਾਜ਼ ਆਈ?

੨. ਜਦੋਂ ਦੌਲਤ ਖ਼ਾਂ ਨੂੰ ਦੱਸਿਆ ਗਿਆ ਕਿ ਗੁਰੂ ਜੀ ਵੇਈਂ ਤੋਂ ਬਾਹਰ ਨਹੀਂ ਆਏ ਤਾਂ ਉਸਨੇ ਕੀ ਕੀਤਾ?

੩. ਗੁਰੂ ਜੀ ਦੇ ਪਰਮੇਸ਼ਰ ਦਾ ਅਵਤਾਰ ਹੋਣ ਦਾ ਪੂਰਾ ਭਰੋਸਾ ਕਿਸ ਨੂੰ ਸੀ?

੪. ਸੱਚਖੰਡ ਵਿਚ ਅਕਾਲ ਪੁਰਖ ਨੇ ਕੀ ਕਿਹਾ?

੫. ਜਦੋਂ ਗੁਰੂ ਜੀ ਵੇਈਂ ਤੋਂ ਬਾਹਰ ਆਏ ਤਾਂ ਮੋਦੀਖ਼ਾਨੇ ਨੂੰ ਕੀ ਕੀਤਾ ?

੬. ਦੌਲਤ ਖ਼ਾਂ ਨੇ ਜੈ ਰਾਮ ਜੀ ਨੂੰ ਕੀ ਕਿਹਾ ਤੇ ਜੈ ਰਾਮ ਨੇ ਕੀ ਉੱਤਰ ਦਿੱਤਾ ?

੭. ਜਦ ਇਕ ਸਾਲ ਦਾ ਲੇਖਾ ਹੋਇਆ ਤਾਂ ਗੁਰੂ ਜੀ ਦਾ ਕਿਤਨਾ ਵਾਧਾ ਨਿਕਲਿਆ ?

## ਪਾਠ ੧੩

# ਗੁਰੂ ਜੀ ਨੇ ਮਸੀਤ ਵਿਚ ਜਾ ਕੇ ਅੰਤਰ ਜਾਮਤਾ ਦਿਖਾਈ

ਗੁਰੂ ਜੀ ਨੂੰ ਮਸਾਣਾ ਵਿਚ ਬੈਠਿਆਂ ਕੁਝ ਕੁ ਦਿਨ ਹੋਏ ਤਾਂ ਗੁਰੂ ਜੀ ਦੇ ਸਹੁਰਾ ਜੀ ਨੇ ਆ ਕੇ ਨਵਾਬ ਨੂੰ ਕਿਹਾ, "ਜੋ ਨਾਨਕ ਦੇ ਮੋਦੀਖ਼ਾਨੇ ਦੇ ੭੬੦ ਰੁਪਏ ਬਕਾਇਆ ਹਨ। ਉਹ ਉਸਦੇ ਪਰਿਵਾਰ ਨੂੰ ਦਿੱਤੇ ਜਾਣ।" ਦੌਲਤ ਖ਼ਾਂ ਨੇ ਕਿਹਾ, "ਉਨ੍ਹਾਂ ਨੇ ਕਿਹਾ ਹੈ ਇਹ ਰੁਪਏ ਫ਼ਕੀਰਾਂ ਨੂੰ ਦੇ ਦਿਓ, ਇਸ ਵਾਸਤੇ ਉਨ੍ਹਾਂ ਨੂੰ ਸੱਦ ਲਈਏ।" ਦੌਲਤ ਖ਼ਾਂ ਨੇ ਗੁਰੂ ਜੀ ਨੂੰ ਸੱਦਣ ਵਾਸਤੇ ਇਕ ਬੰਦਾ ਭੇਜਿਆ। ਗੁਰੂ ਜੀ ਨਾ ਆਏ। ਇਹ ਸੁਣ ਕੇ ਦੌਲਤ ਖ਼ਾਂ ਨੇ ਗ਼ੁੱਸਾ ਕੀਤਾ ਤੇ ਉਸ ਨੇ ਕਿਹਾ, "ਜੇ ਨਹੀਂ ਆਉਂਦਾ ਤਾਂ ਫੜ ਕੇ ਲਿਆਓ।" ਜਦੋਂ ਬੰਦਾ ਦੁਬਾਰਾ ਗਿਆ ਤਾਂ ਉਸਨੇ ਗੁਰੂ ਜੀ ਨੂੰ ਨਵਾਬ ਦੀ ਸਾਰੀ ਗੱਲ ਦੱਸ ਦਿੱਤੀ। ਗੁਰੂ ਜੀ ਦੌਲਤ ਖ਼ਾਂ ਦਾ ਹੰਕਾਰ ਦੂਰ

ਕਰਨ ਵਾਸਤੇ ਆ ਗਏ ਤੇ ਉਸ ਨੂੰ ਸਲਾਮ ਨਾ ਕੀਤੀ।

ਨਵਾਬ ਨੇ ਕਿਹਾ, "ਤੁਸੀਂ ਪਹਿਲਾਂ ਕਿਉਂ ਨਾ ਆਏ।" ਗੁਰੂ ਜੀ ਨੇ ਕਿਹਾ, "ਜਦ ਮੈਂ ਤੁਹਾਡਾ ਨੌਕਰ ਸੀ, ਉਦੋਂ ਤੁਹਾਡੇ ਕੋਲ ਆਉਂਦਾ ਸੀ। ਹੁਣ ਤੁਹਾਡਾ ਨੌਕਰ ਨਹੀਂ ਹਾਂ। ਹੁਣ ਮੈਂ ਖ਼ੁਦਾ ਦਾ ਨੌਕਰ ਤੇ ਬੰਦਾ ਹਾਂ। ਇਸ ਕਰਕੇ ਨਹੀਂ ਆਇਆ।" ਕਾਜ਼ੀ ਆਪਣੇ ਵੱਲੋਂ ਕਹਿਣ ਲੱਗਾ, "ਜੇ ਤੁਸੀਂ ਖ਼ੁਦਾ ਦੇ ਬੰਦੇ ਹੋ ਤਾਂ ਖ਼ੁਦਾ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕੋ ਜਿਹਾ ਜਾਣਦਾ ਹੈ। ਜੇ ਤੁਸੀਂ ਸਾਰਿਆਂ ਨੂੰ ਇਕੋ ਜਿਹਾ ਜਾਣਦੇ ਹੋ ਤਾਂ ਸਾਡੇ ਨਾਲ ਮਸੀਤ ਵਿਚ ਚੱਲ ਕੇ ਨਮਾਜ਼ ਪੜ੍ਹੋ।" ਗੁਰੂ ਜੀ ਨੇ ਕਿਹਾ, "ਚੰਗਾ ਚਲੋ।"

ਨਵਾਬ ਤੇ ਕਾਜ਼ੀ ਗੁਰੂ ਜੀ ਨੂੰ ਨਾਲ ਲੈ ਕੇ ਮਸੀਤ ਵਿਚ ਨਮਾਜ਼ ਪੜ੍ਹਨ ਚੱਲ ਪਏ। ਜਦੋਂ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਮਸੀਤ ਵਿਚ ਬਹੁਤ ਸਾਰੇ ਲੋਕਾਂ ਦਾ ਇਕੱਠ ਹੋ ਗਿਆ। ਇਹ ਗੱਲ ਸੁਣ ਕੇ ਜੈ ਰਾਮ ਜੀ ਉਦਾਸ ਹੋ ਗਏ ਅਤੇ ਆਖਣ ਲੱਗੇ, "ਅੱਜ ਨਾਨਕ ਜੀ ਨਮਾਜ਼ ਪੜ੍ਹ ਕੇ ਮੁਸਲਮਾਨ ਹੋ ਜਾਣਗੇ। ਇਹ ਬਹੁਤ

ਮਾੜੀ ਗੱਲ ਹੈ।" ਬੇਬੇ ਨਾਨਕੀ ਜੀ ਕਹਿਣ ਲੱਗੇ, "ਮੇਰੇ ਭਰਾਤਾ ਜੀ ਪਰਮੇਸ਼ਰ ਦਾ ਅਵਤਾਰ ਹਨ। ਉਹ ਉਨ੍ਹਾਂ 'ਤੇ ਜਿੱਤ ਪ੍ਰਾਪਤ ਕਰਕੇ ਆਉਣਗੇ। ਤੁਸੀਂ ਨਾ ਡਰੋ। ਜੇ ਆਪ ਜੀ ਨੂੰ ਯਕੀਨ ਨਹੀਂ ਤਾਂ ਇਕ ਬੰਦਾ ਭੇਜ ਕੇ ਪਤਾ ਮੰਗਾ ਲਵੋ।" ਜੈ ਰਾਮ ਜੀ ਨੇ ਪਤਾ ਕਰਨ ਵਾਸਤੇ ਇਕ ਬ੍ਰਾਹਮਣ ਨੂੰ ਘੱਲਿਆ। ਉਥੇ ਬਹੁਤ ਭੀੜ ਹੋਣ ਕਰਕੇ ਗੁਰੂ ਜੀ ਕੋਲ ਨਹੀਂ ਪਹੁੰਚ ਸਕਿਆ। ਕੁਝ ਕੁ ਪਿੱਛੇ ਹੀ ਰਹਿ ਗਿਆ।

ਨਵਾਬ ਤੇ ਕਾਜ਼ੀ ਨਮਾਜ਼ ਪੜ੍ਹਨ ਲੱਗ ਪਏ। ਗੁਰੂ ਜੀ ਖਲੋਤੇ ਰਹੇ। ਜਦੋਂ ਦੋਹਾਂ ਨੇ ਨਮਾਜ਼ ਪੜ੍ਹ ਲਈ ਤਾਂ ਉਹ ਗੁਰੂ ਜੀ ਨੂੰ ਕਹਿਣ ਲੱਗੇ, "ਤੁਸੀਂ ਸਾਡੇ ਨਾਲ ਨਮਾਜ਼ ਕਿਉਂ ਨਾ ਪੜ੍ਹੀ ?" ਗੁਰੂ ਜੀ ਨੇ ਕਿਹਾ, "ਮੈਂ ਨਮਾਜ਼ ਕਿਸ ਦੇ ਨਾਲ ਪੜ੍ਹਦਾ।" ਨਵਾਬ ਨੇ ਕਿਹਾ, "ਮੇਰੇ ਨਾਲ ਪੜ੍ਹ ਲੈਂਦੇ।" ਗੁਰੂ ਜੀ ਨੇ ਕਿਹਾ, "ਤੁਸੀਂ ਨਮਾਜ਼ ਨਹੀਂ ਸੀ ਪੜ੍ਹਦੇ। ਮੂੰਹੋਂ ਤਾਂ ਠੀਕ ਨਮਾਜ਼ ਦੇ ਅੱਖਰ ਪੜ੍ਹਦੇ ਰਹੇ ਸੀ, ਮਿਥੇ ਢੰਗ ਨਾਲ ਉਠਦੇ ਬਹਿੰਦੇ ਵੀ ਸੀ, ਪਰ ਮਨ ਤੁਹਾਡਾ ਦੂਰ ਗਿਆ ਸੀ, ਤੁਸੀਂ ਤਾਂ ਕਾਬਲੋਂ ਘੋੜੇ ਖ਼ਰੀਦਦੇ ਫਿਰਦੇ ਸੀ।" ਇਹ ਸੁਣ ਕੇ ਕਾਜੀ ਗੁਰੂ

ਜੀ ਨੂੰ ਕਹਿਣ ਲੱਗਾ, "ਤੂੰ ਝੂਠ ਬੋਲਣ ਲੱਗਿਆ ਕਿਉਂ ਨਹੀਂ ਡਰਦਾ ?" ਨਵਾਬ ਨੇ ਕਿਹਾ, "ਠੀਕ ਹੀ, ਮੇਰਾ ਮਨ ਨਮਾਜ਼ ਪੜ੍ਹਨ ਵੇਲੇ ਕਾਬਲ ਤੋਂ ਘੋੜੇ ਖ਼ਰੀਦ ਰਿਹਾ ਸੀ।" ਕਾਜ਼ੀ ਕਹਿਣ ਲੱਗਾ, "ਤਾਂ ਤੁਸੀਂ ਮੇਰੇ ਨਾਲ ਨਮਾਜ਼ ਪੜ੍ਹ ਲੈਂਦੇ।" ਗੁਰੂ ਜੀ ਨੇ ਕਾਜ਼ੀ ਨੂੰ ਕਿਹਾ, "ਤੁਹਾਡਾ ਮਨ ਵੀ ਇਥੇ ਨਹੀਂ ਸੀ। ਤੁਹਾਡੇ ਘਰ ਵਿਚ ਨਵੀਂ ਘੋੜੀ ਸੂਈ ਹੈ। ਤੁਹਾਨੂੰ ਡਰ ਸੀ ਕਿ ਕਿਤੇ ਘੋੜੀ ਦਾ ਵਛੇਰਾ ਵਿਹੜੇ ਦੀ ਖੂਹੀ ਵਿਚ ਨਾ ਡਿੱਗ ਪਵੇ। ਤੁਸੀਂ ਤਾਂ ਵਛੇਰੇ ਦੇ ਮਗਰ-ਮਗਰ ਭੱਜੇ ਫਿਰਦੇ ਰਹੇ ਸੀ।" ਕਾਜ਼ੀ ਵੀ ਕਹਿਣ ਲੱਗਾ, "ਠੀਕ ਹੀ ਇਸੇ ਤਰ੍ਹਾਂ ਹੋਈ ਹੈ।" ਇਹ ਅਸਚਰਜ ਸੁਣ ਕੇ ਲੋਕੀਂ ਹੱਸ ਪਏ। ਇਹ ਸੁਣ ਕੇ ਨਵਾਬ ਨੇ ਗੁਰੂ ਜੀ ਦੇ ਚਰਨ ਫੜ ਕੇ ਕਿਹਾ, "ਤੁਸੀਂ ਪੀਰਾਂ ਦੇ ਪੀਰ ਹੋ। ਮੈਂ ਆਪ ਜੀ ਦੀ ਸ਼ਰਨ ਵਿਚ ਹਾਂ। ਮੈਂ ਭੁੱਲਿਆ ਰਿਹਾ ਹਾਂ, ਆਪ ਜੀ ਦਾ ਭੇਦ ਨਹੀਂ ਜਾਣਿਆ। ਮੇਰੇ ਔਗੁਣ ਬਖ਼ਸ਼ ਦਿਓ। ਆਪਣਾ ਉਪਦੇਸ਼ ਦਿਓ। ਆਪ ਜੀ ਖ਼ੁਦਾ ਦੇ ਰੂਪ ਤੇ ਅੰਤਰਜਾਮੀ ਹੋ। ਆਪ ਜੀ ਮੇਰੇ ਲਾਗੇ ਬਹੁਤ ਸਮੇਂ ਤੋਂ ਰਹਿੰਦੇ ਹੋ। ਮੈਂ ਆਪ ਜੀ ਦੀ ਮਹਿਮਾ ਨਹੀਂ ਜਾਣ

ਸਕਿਆ। ਮੇਰਾ ਮਨ ਮੇਰੇ ਵੱਸ ਵਿਚ ਨਹੀਂ। ਕਿਰਪਾ ਕਰਕੇ ਇਸ ਨੂੰ ਮੇਰੇ ਵੱਸ ਵਿਚ ਕਰ ਦਿਓ।"

ਗੁਰੂ ਜੀ ਨੇ ਕਿਹਾ, "ਇਹ ਮਨ ਬਹੁਤ ਚੰਚਲ ਹੈ। ਇਸ ਨੂੰ ਰੋਕਣਾ ਬਹੁਤ ਕਠਿਨ ਹੈ। ਇਸ ਨੂੰ ਰੋਕੇ ਬਿਨਾਂ ਹਿਰਦੇ ਵਿਚ ਪ੍ਰੇਮ ਪੈਦਾ ਨਹੀਂ ਹੁੰਦਾ। ਇਹ ਮਨ ਪੂਰੇ ਗੁਰੂ ਮਿਲਣ 'ਤੇ ਹੀ ਟਿਕਦਾ ਹੈ। ਪਰਮੇਸ਼ਰ ਦਾ ਨਾਮ ਜਪ ਕੇ ਇਸ ਨੂੰ ਵੱਸ ਵਿਚ ਕਰੋ।" ਦੌਲਤ ਖ਼ਾਂ ਨੇ ਗੁਰੂ ਜੀ ਤੋਂ ਇਸ ਤਰ੍ਹਾਂ ਸਿੱਖਿਆ ਸੁਣ ਕੇ ਹਿਰਦੇ ਵਿਚ ਵਸਾਈ। ਦੋਵੇਂ ਹੱਥ ਜੋੜ ਕੇ ਚਰਨਾਂ 'ਤੇ ਮੱਥਾ ਟੇਕਿਆ ਤੇ ਕਹਿਣ ਲੱਗਾ, "ਮੈਂ ਅੱਜ ਤੋਂ ਆਪ ਜੀ ਦਾ ਸਿੱਖ ਹਾਂ।" ਗੁਰੂ ਜੀ ਨੇ ਕਿਹਾ, "ਪਰਮੇਸ਼ਰ ਦੇ ਸੱਚੇ ਪ੍ਰੇਮ ਤੋਂ ਬਗ਼ੈਰ ਸਭ ਵਿਅਰਥ ਹੈ। ਸੱਚੀ ਨਿਮਾਜ਼, ਸੱਚੀ ਪੂਜਾ ਤਾਂ ਹੀ ਹੁੰਦੀ ਹੈ, ਜੇ ਮਨ ਨੂੰ ਸੰਸਾਰ ਵੱਲੋਂ ਹਟਾ ਕੇ ਰੱਬ ਵੱਲ ਲਗਾਵੇ। ਲੋਕ ਦਿਖਾਵਾ ਤੇ ਪਾਖੰਡ ਨਾ ਕਰੇ।

ਦੌਲਤ ਖ਼ਾਂ ਨੇ ਕਿਹਾ, "ਗੁਰੂ ਜੀ, ਜੋ ਆਪ ਜੀ ਦੇ ਰੁਪਈਏ ਮੇਰੇ ਕੋਲ ਹਨ, ਉਨ੍ਹਾਂ 'ਤੇ ਆਪ ਜੀ ਦੇ ਸਹੁਰਾ ਜੀ ਨੇ ਪੁਕਾਰ ਕੀਤੀ ਹੈ। ਇਹ

ਮਾਇਆ ਸ੍ਰੀਚੰਦ ਨੂੰ ਮਿਲਣੀ ਚਾਹੀਦੀ ਹੈ। ਆਪ ਜੀ ਨੇ ਕਿਹਾ ਇਹ ਫ਼ਕੀਰਾਂ ਨੂੰ ਦੇ ਦੇਵੋ। ਮੈਂ ਕਿਸ ਤਰ੍ਹਾਂ ਕ਼ਰਾਂ ?" ਗੁਰੂ ਜੀ ਨੇ ਕਿਹਾ, "ਜਿਸ ਤਰ੍ਹਾਂ ਤੁਹਾਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ ਕਰੋ। ਤੁਹਾਨੂੰ ਕੋਈ ਨਹੀਂ ਰੋਕਦਾ।" ਦੌਲਤ ਖ਼ਾਂ ਨੇ ਕਿਹਾ, "ਮੈਂ ਅੱਧੀ ਮਾਇਆ ਆਪ ਜੀ ਦੇ ਪਰਿਵਾਰ ਨੂੰ ਤੇ ਅੱਧੀ ਮਾਇਆ ਸਾਧਾਂ ਨੂੰ ਦੇ ਦਿੰਦਾ ਹਾਂ।

ਜੈ ਰਾਮ ਜੀ ਨੇ ਜੋ ਪੰਡਿਤ ਗੁਰੂ ਜੀ ਦਾ ਪਤਾ ਲੈਣ ਵਾਸਤੇ ਭੇਜਿਆ ਸੀ, ਉਸਨੇ ਜਿਸ ਤਰ੍ਹਾਂ ਸਾਰੀ ਗੱਲ ਸੁਣੀ ਸੀ, ਉਸੇ ਤਰ੍ਹਾਂ ਆ ਕੇ ਜੈ ਰਾਮ ਜੀ ਨੂੰ ਦੱਸ ਦਿੱਤੀ। ਜੈ ਰਾਮ ਜੀ ਇਹ ਸੁਣ ਕੇ ਬਹੁਤ ਖ਼ੁਸ਼ ਹੋਏ। ਕੁਝ ਕੁ ਚਿਰ ਪਿਛੋਂ ਗੁਰੂ ਜੀ ਵੀ ਬੇਬੇ ਨਾਨਕੀ ਤੇ ਜੈ ਰਾਮ ਜੀ ਨੂੰ ਮਿਲਣ ਵਾਸਤੇ ਆ ਗਏ।

## ਪ੍ਰਸ਼ਨ

੧. ਗੁਰੂ ਜੀ ਦੇ ਦੌਲਤ ਖ਼ਾਂ ਪਾਸ ਕਿਤਨੇ ਰੁਪਏ ਬਾਕੀ ਨਿਕਲੇ ? ਉਹ ਗੁਰੂ ਜੀ ਨੇ ਕਿਸ ਨੂੰ ਦੇਣ ਵਾਸਤੇ ਕਿਹਾ ?

੨. ਮਸੀਤ ਵਿਚ ਗੁਰੂ ਜੀ ਨੇ ਕੀ ਅੰਤਰ-ਜਾਮਤਾ ਵਿਖਾਈ ਸੀ ?

੩. ਗੁਰੂ ਜੀ ਨੇ ਮਨ ਟਿਕਾਉਣ ਦਾ ਕੀ ਤਰੀਕਾ ਦੱਸਿਆ ?

੪. ਦੌਲਤ ਖ਼ਾਂ ਨੇ ਗੁਰੂ ਜੀ ਦੀ ਮਾਇਆ ਕਿਸਨੂੰ ਦੇਣ ਦਾ ਫੈਸਲਾ ਕੀਤਾ ?

# ਪਾਠ ੧੪

# ਰਬਾਬ ਲਿਆਉਣ ਦੀ ਸਾਖੀ

ਬਾਬਾ ਕਾਲੂ ਜੀ ਨੂੰ ਤਲਵੰਡੀ ਜਾ ਕੇ ਕਿਸੇ ਨੇ ਦੱਸਿਆ ਕਿ ਆਪ ਜੀ ਦਾ ਸਪੁੱਤਰ ਨਾਨਕ ਜੀ ਮੋਦੀਖ਼ਾਨਾ ਛੱਡ ਕੇ ਫ਼ਕੀਰ ਬਣ ਗਿਆ ਹੈ। ਇਹ ਸੁਣ ਕੇ ਬਾਬਾ ਕਾਲੂ ਜੀ ਨੇ ਮਰਦਾਨੇ ਨੂੰ ਸੁਲਤਾਨਪੁਰ ਗੁਰੂ ਜੀ ਦੀ ਖ਼ਬਰ ਲੈਣ ਵਾਸਤੇ ਭੇਜਿਆ। ਜਦੋਂ ਮਰਦਾਨਾ ਸੁਲਤਾਨਪੁਰ ਪਹੁੰਚਿਆ ਤਾਂ ਬੇਬੇ ਨਾਨਕੀ ਜੀ ਨੇ ਆਪਣੇ ਮਾਤਾ ਪਿਤਾ ਦੀ ਸੁੱਖ-ਸਾਂਦ ਪੁੱਛੀ। ਮਰਦਾਨੇ ਨੇ ਸੁੱਖ-ਸਾਂਦ ਦੱਸ ਕੇ ਬੇਬੇ ਨਾਨਕੀ ਜੀ ਨੂੰ ਆਉਣ ਦਾ ਕਾਰਣ ਦੱਸਿਆ।

ਬੇਬੇ ਨਾਨਕੀ ਜੀ ਨੇ ਕਿਹਾ, "ਜੇ ਤੂੰ ਸਾਰੀ ਖ਼ਬਰ ਸੁਣਨਾ ਚਾਹੁੰਦਾ ਹੈ ਤਾਂ ਭੋਜਨ ਛਕ ਕੇ ਭਰਾਤਾ ਜੀ ਕੋਲ ਜਾ ਕੇ ਪੁੱਛ ਲੈ।" ਗੁਰੂ ਜੀ ਜੰਗਲ ਵਿਚ ਬੈਠੇ ਸਨ। ਮਰਦਾਨੇ ਨੇ ਜਾ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ। ਤੇ ਕਿਹਾ, "ਆਪ ਜੀ

ਨੇ ਕਿਹੋ ਜਿਹਾ ਭੇਖ ਧਾਰਿਆ ਹੈ। ਮੋਦੀ ਦਾ ਕੰਮ ਬਹੁਤ ਚੰਗਾ ਸੀ, ਉਹ ਆਪ ਜੀ ਨੇ ਕਿਉਂ ਛੱਡ ਦਿੱਤਾ।" ਗੁਰੂ ਜੀ ਨੇ ਕਿਹਾ, "ਮਰਦਾਨਿਆ! ਅਸੀਂ ਦੇਸ਼ ਵਿਦੇਸ਼ ਵਿਚ ਜਾਣਾ ਹੈ। ਤੂੰ ਬਹੁਤ ਸਮੇਂ ਪਹਿਲਾਂ ਸਾਥੋਂ ਅਮੋਲਕ ਵਸਤੂ ਮੰਗੀ ਸੀ। ਅਸੀਂ ਤੈਨੂੰ ਖ਼ੁਸ਼ ਹੋ ਕੇ ਤੰਤੀ ਸਾਜ ਵਜਾਉਣ ਦਾ ਗੁਣ ਦਿੱਤਾ ਸੀ। ਇਸ ਕਰਕੇ ਹੁਣ ਸਾਨੂੰ ਤੇਰੇ ਗੁਣ ਦੀ ਲੋੜ ਹੈ। ਦਿਨੇ ਰਾਤ ਸਾਡੇ ਨਾਲ ਰਹਿ। ਹੋਰ ਪਾਸੇ ਜਾਣ ਦਾ ਨਾਮ ਨਾ ਲਵੀਂ।"

ਮਰਦਾਨੇ ਨੇ ਕਿਹਾ, "ਮੈਨੂੰ ਆਪ ਜੀ ਦੀ ਖ਼ਬਰ ਲੈਣ ਵਾਸਤੇ ਬਾਬਾ ਕਾਲੂ ਜੀ ਨੇ ਭੇਜਿਆ ਹੈ। ਉਹ ਮੇਰੀ ਉਡੀਕ ਕਰਨਗੇ। ਤੇ ਆਪ ਜੀ ਦੀ ਚਿੰਤਾ ਕਰਨਗੇ।" ਗੁਰੂ ਜੀ ਨੇ ਕਿਹਾ, "ਜਿਸ ਤਰ੍ਹਾਂ ਤੈਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ ਕਰ। ਸਾਡੇ ਨਾਲ ਤੈਨੂੰ ਔਖ ਝੱਲਣੀ ਪਵੇਗੀ। ਜੇ ਤੈਨੂੰ ਸੁਖ ਭੋਗਣ ਦੀ ਇੱਛਾ ਹੈ ਤਾਂ ਸਾਡੇ ਪਿਤਾ ਜੀ ਕੋਲ ਚਲਿਆ ਜਾਹ। ਆਪਣੇ ਪਰਿਵਾਰ ਨੂੰ ਮਿਲ ਕੇ ਸੁੱਖ ਭੋਗ।" ਮਰਦਾਨੇ ਨੇ ਕਿਹਾ, "ਮੈਂ ਪੱਕੀ ਵਿਚਾਰ ਕਰ ਲਈ ਹੈ ਕਿ ਆਪ ਜੀ ਨਾਲ ਹੀ ਰਹਿਣਾ ਹੈ।"

ਗੁਰੂ ਜੀ ਨੇ ਕਿਹਾ, "ਤੂੰ ਨਗਰ ਵਿਚ ਜਾ ਕੇ ਰਬਾਬ ਲਿਆ ਕੇ ਵਜਾ।" ਮਰਦਾਨੇ ਨੇ ਕਿਹਾ, "ਗੁਰੂ ਜੀ ! ਮੈਂ ਕਦੀ ਰਬਾਬ ਨਹੀਂ ਵਜਾਈ। ਕੁਝ ਕੁ ਦਿਨਾਂ ਵਿਚ ਵਜਾਉਣਾ ਸਿਖ ਲਵਾਂਗਾ।" ਗੁਰੂ ਜੀ ਨੇ ਕਿਹਾ, "ਅਸੀਂ ਤੈਨੂੰ ਗਾਉਣ ਵਜਾਉਣ ਦਾ ਗੁਣ ਦਿੱਤਾ ਸੀ। ਉਹ ਕਿਥੇ ਹੈ ?" ਮਰਦਾਨੇ ਨੇ ਕਿਹਾ, "ਜੋ ਆਪ ਜੀ ਨੇ ਦਿੱਤਾ ਸੀ, ਉਹ ਮੈਂ ਕਿਤੇ ਵੀ ਨਹੀਂ ਖ਼ਰਚਿਆ।" ਗੁਰੂ ਜੀ ਨੇ ਕਿਹਾ, "ਸਾਡਾ ਬਚਨ ਨਾ ਮੋੜ ਰਬਾਬ ਲਿਆ ਕੇ ਵਜਾ।" ਮਰਦਾਨਾ ਛੇਤੀ ਨਗਰ ਵਿਚ ਗਿਆ ਤੇ ਇਕ ਢਾਢੀ ਨੂੰ ਕਿਹਾ, "ਤੈਨੂੰ ਇਕ ਭਲੇ ਪੁਰਸ਼ ਸੱਦਦੇ ਹਨ ਤੇ ਰਬਾਬ ਲੈ ਕੇ ਚੱਲ। ਢਾਢੀ ਨੇ ਆ ਕੇ ਗੁਰੂ ਜੀ ਕੋਲ ਰਬਾਬ ਵਜਾਈ। ਗੁਰੂ ਜੀ ਬਹੁਤ ਖ਼ੁਸ਼ ਹੋਏ।

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਰਬਾਬ ਵਜਾ।" ਮਰਦਾਨਾ ਢਾਢੀ ਤੋਂ ਰਬਾਬ ਲੈ ਕੇ ਵਜਾਉਣ ਲੱਗ ਪਿਆ। ਇਸ ਤਰ੍ਹਾਂ ਦਾ ਰਸ ਸੁਣ ਕੇ ਉਹ ਢਾਢੀ ਬਹੁਤ ਹੈਰਾਨ ਹੋਇਆ ਤੇ ਉਸ ਨੇ ਕਿਹਾ, "ਮੈਂ ਤੇਰੇ ਜਿੰਨਾਂ ਗੁਣ ਹੋਰ ਕਿਸੇ ਵਿਚ ਨਹੀਂ ਵੇਖਿਆ।" ਗੁਰੂ ਜੀ ਨੇ ਮਰਦਾਨੇ ਨੂੰ ਕਿਹਾ,

"ਤੂੰ ਰਬਾਬ ਵਜਾਉਣ ਦਾ ਗੁਣ ਕਿਹੋ ਜਿਹਾ ਜਾਣਿਆ ?" ਮਰਦਾਨੇ ਨੇ ਕਿਹਾ, "ਆਪ ਪੂਰਨ ਪੁਰਖ ਖ਼ੁਦਾ ਦੇ ਰੂਪ ਹੋ। ਆਪ ਜੀ ਦੇ ਬਚਨਾਂ ਨਾਲ ਹੀ ਮੈਨੂੰ ਇਹ ਗੁਣ ਮਿਲਿਆ ਹੈ।"

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਭੈਣ ਜੀ ਪਾਸ ਜਾ ਕੇ ਰਬਾਬ ਵਾਸਤੇ ਮਾਇਆ ਲਿਆ।" ਇਹ ਸੁਣ ਕੇ ਮਰਦਾਨਾ ਬੇਬੇ ਨਾਨਕੀ ਜੀ ਕੋਲ ਮਾਇਆ ਲੈਣ ਚਲਾ ਗਿਆ। ਪਿੱਛੋਂ ਉਸ ਢਾਢੀ ਨੇ ਗੁਰੂ ਜੀ ਨੂੰ ਕਿਹਾ, "ਮਹਾਰਾਜ ਜੀ! ਇਹੋ ਰਬਾਬ ਲੈ ਲਓ।" ਗੁਰੂ ਜੀ ਨੇ ਕਿਹਾ, "ਤੇਰੀ ਰਬਾਬ ਸਾਡੇ ਪਾਸ ਆ ਗਈ ਹੈ। ਤੂੰ ਆਪਣੀ ਰਬਾਬ ਰੱਖ।" ਗੁਰੂ ਜੀ ਨੇ ਉਸ ਢਾਢੀ 'ਤੇ ਕ੍ਰਿਪਾ ਕਰਕੇ ਉਸਦੇ ਦੁਖ ਦੂਰ ਕਰ ਦਿੱਤੇ।

ਮਰਦਾਨੇ ਨੇ ਬੇਬੇ ਨਾਨਕੀ ਜੀ ਨੂੰ ਕਿਹਾ, "ਗੁਰੂ ਜੀ ਨੇ ਮੈਨੂੰ ਆਪ ਜੀ ਪਾਸ ਰਬਾਬ ਵਾਸਤੇ ਮਾਇਆ ਲੈਣ ਭੇਜਿਆ ਹੈ।" ਬੇਬੇ ਨਾਨਕੀ ਜੀ ਨੇ ਕਿਹਾ, "ਚੰਗਾ ਹੋਇਆ, ਤੂੰ ਭਰਾਤਾ ਜੀ ਕੋਲ ਰਹਿ ਪਿਆ ਹੈਂ। ਇਕ ਰਬਾਬ ਦੀ ਕੀ ਗੱਲ ਹੈ, ਤੈਨੂੰ ਸੌ ਰਬਾਬ ਲੈ ਦਿਆਂਗੇ। ਤੂੰ ਭਰਾਤਾ ਨੂੰ ਕਹਿ ਮੈਨੂੰ ਆ ਕੇ ਦਰਸ਼ਨ ਦੇਣ।" ਮਰਦਾਨੇ ਨੇ ਆ

ਕੇ ਬੇਬੇ ਨਾਨਕੀ ਜੀ ਦੀ ਬੇਨਤੀ ਗੁਰੂ ਜੀ ਨੂੰ ਦੱਸ ਦਿੱਤੀ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਭੈਣ ਜੀ ਸਾਡੇ ਨਾਲੋਂ ਵੱਡੇ ਹਨ, ਅਸੀਂ ਉਨ੍ਹਾਂ ਦਾ ਬਚਨ ਨਹੀਂ ਮੋੜ ਸਕਦੇ।" ਇਹ ਕਹਿ ਕੇ ਗੁਰੂ ਜੀ ਭੈਣ ਜੀ ਦੇ ਘਰ ਆ ਗਏ।

ਬੇਬੇ ਨਾਨਕੀ ਜੀ ਨੇ ਆਪ ਜੀ ਦੇ ਬੈਠਣ ਵਾਂਸਤੇ ਮੰਜਾ ਡਾਹਿਆ। ਗੁਰੂ ਜੀ ਨੇ ਕਿਹਾ, "ਭੈਣ ਜੀ! ਆਪ ਜੀ ਨੇ ਕਿਸ ਮਨੋਰਥ ਵਾਸਤੇ ਚੇਤੇ ਕੀਤਾ।" ਬੇਬੇ ਨਾਨਕੀ ਜੀ ਨੇ ਕਿਹਾ, "ਆਪ ਜੀ ਦੇ ਦਰਸ਼ਨ ਕਰਨ ਵਾਸਤੇ ਚਿੱਤ ਕਰਦਾ ਸੀ।" ਗੁਰੂ ਜੀ ਨੇ ਕਿਹਾ, "ਆਪ ਜੀ ਮੈਨੂੰ ਜਦੋਂ ਵੀ ਚੇਤੇ ਕਰੋਗੇ, ਅਸੀਂ ਜਿਥੇ ਵੀ ਹੋਵਾਂਗੇ, ਉਸੇ ਵੇਲੇ ਆ ਜਾਵਾਂਗੇ।" ਇਹ ਬਚਨ ਸੁਣ ਕੇ ਬੇਬੇ ਨਾਨਕੀ ਜੀ ਬਹੁਤ ਖ਼ੁਸ਼ ਹੋਏ। ਸਾਰਿਆਂ ਨੇ ਭੋਜਨ ਛਕਿਆ। ਮਰਦਾਨੇ ਨੂੰ ਕਿਹਾ, "ਤੂੰ ਰੁਪਏ ਲੈ ਕੇ ਰਬਾਬ ਲਿਆ।" ਮਰਦਾਨਾ ਰਬਾਬ ਲੈਣ ਚਲਾ ਗਿਆ।

ਭਾਈ ਬਾਲੇ ਨੇ ਗੁਰੂ ਜੀ ਨੂੰ ਕਿਹਾ, "ਮੈਨੂੰ ਘਰੋਂ ਆਏ ਨੂੰ ਬਹੁਤ ਸਮਾਂ ਹੋ ਗਿਆ ਹੈ। ਹੁਣ ਮੈਂ ਜਾ ਕੇ ਘਰ ਦੀ ਖ਼ਬਰ ਲੈ ਆਵਾਂ।" ਗੁਰੂ ਜੀ

ਨੇ ਬਾਲੇ ਨੂੰ ਕਿਹਾ, "ਜੋ ਤੇਰੀ ਇੱਛਾ ਹੈ, ਮੰਗ ਲੈ।" ਭਾਈ ਬਾਲੇ ਨੇ ਕਿਹਾ, "ਮੈਨੂੰ ਇਹ ਵਰ ਦਿਓ ਕਿ ਮੇਰੇ ਹਿਰਦੇ ਵਿਚੋਂ ਪ੍ਰਮੇਸ਼ਰ ਕਦੀ ਨਾ ਭੁੱਲੇ ਤੇ ਮੇਰਾ ਮਨ ਕਿਸੇ ਤਰ੍ਹਾਂ ਨਾਲ ਭਰਮੇ ਨਾ।" ਗੁਰੂ ਜੀ ਨੇ ਕਿਹਾ, "ਇਹ ਤੇਰੀ ਇੱਛਾ ਪੂਰੀ ਹੋਵੇਗੀ।" ਭਾਈ ਬਾਲਾ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਘਰ ਨੂੰ ਗਿਆ। ਮਰਦਾਨਾ ਰਬਾਬ ਵਾਸਤੇ ਬਹੁਤ ਫਿਰਿਆ। ਉਸ ਨੂੰ ਕੋਈ ਵੀ ਸਤਿਕਾਰ ਨਾਲ ਨਹੀਂ ਬੋਲਿਆ। ਲੋਕੀਂ ਆਖਣ ਇਹ ਕੁਰਾਹੀਏ ਦਾ ਮਰਾਸੀ ਹੈ। ਮਰਦਾਨੇ ਨੇ ਸਾਰੀ ਗੱਲ ਗੁਰੂ ਜੀ ਨੂੰ ਆ ਕੇ ਦੱਸ ਦਿੱਤੀ।

ਗੁਰੂ ਜੀ ਨੇ ਫਿਰ ਰਬਾਬ ਲਿਆਉਣ ਵਾਸਤੇ ਕਿਹਾ। ਮਰਦਾਨੇ ਨੇ ਕਿਹਾ, "ਆਪ ਜੀ ਅੰਤਰਜਾਮੀ ਹੋ। ਮੈਂ ਰਬਾਬ ਲੈਣ ਵਾਸਤੇ ਕਿਧਰ ਜਾਵਾਂ।" ਗੁਰੂ ਜੀ ਨੇ ਕਿਹਾ, "ਦੱਖਣ ਵਾਲੇ ਪਾਸੇ ਜਿਥੇ ਦੋ ਨਦੀਆਂ ਮਿਲਦੀਆਂ ਹਨ। ਉਹਨਾਂ ਦੇ ਵਿਚਕਾਰ ਇਕ ਪਿੰਡ ਹੈ। ਉਥੇ ਜਾ ਕੇ ਰਬਾਬੀ ਫਿਰੰਦੇ ਦਾ ਨਾਮ ਪੁੱਛ ਕੇ ਉਸ ਕੋਲੋਂ ਰਬਾਬ ਲਿਆ। ਜੇ ਤੈਨੂੰ ਉਹ ਰਬਾਬ ਨਾ ਦੇਵੇ ਤਾਂ ਸਾਡਾ ਨਾਮ ਦੱਸੀਂ ਕਿ ਉਨ੍ਹਾਂ ਨੇ ਮੈਨੂੰ ਭੇਜਿਆ ਹੈ।" ਇਸ

ਤਰ੍ਹਾਂ ਮਰਦਾਨਾ ਰਬਾਬ ਲੈਣ ਵਾਸਤੇ ਗਿਆ। ਉਥੇ ਜਾ ਕੇ ਕਈਆਂ ਨੂੰ ਫਿਰੰਦੇ ਦਾ ਨਾਮ ਪੁੱਛਿਆ। ਪਰ ਕਿਸੇ ਨੇ ਕੁਝ ਨਾ ਦੱਸਿਆ। ਉਦਾਸ ਹੋ ਕੇ ਹਾਰ ਹੰਭ ਕੇ ਇਕ ਰੁੱਖ ਦੀ ਛਾਵੇਂ ਬਹਿ ਗਿਆ।

ਇਕ ਬੰਦੇ ਨੇ ਆ ਕੇ ਮਰਦਾਨੇ ਨੂੰ ਪੁੱਛਿਆ, "ਤੂੰ ਕਿਸ ਨੂੰ ਲੱਭ ਰਿਹਾ ਹੈਂ ਤੇ ਕਿਥੋਂ ਆਇਆ ਹੈਂ ? ਤੇਰਾ ਕੀ ਕੰਮ ਹੈ ? ਮੈਨੂੰ ਦੱਸ।" ਮਰਦਾਨੇ ਨੇ ਕਿਹਾ, "ਮੈਨੂੰ ਗੁਰੂ ਨਾਨਕ ਦੇਵ ਜੀ ਨੇ ਫਿਰੰਦੇ ਰਬਾਬੀ ਪਾਸ ਰਬਾਬ ਲੈਣ ਭੇਜਿਆ ਹੈ। ਮੈਂ ਉਸ ਦੀ ਬਹੁਤ ਖੋਜ ਕੀਤੀ ਪਰ ਉਹ ਮੈਨੂੰ ਨਹੀਂ ਮਿਲਿਆ।" ਉਸਨੇ ਕਿਹਾ, "ਮੇਰਾ ਹੀ ਨਾਮ ਫਿਰੰਦਾ ਹੈ। ਮੇਰੇ ਪਾਸ ਹੀ ਤੈਨੂੰ ਭੇਜਿਂਆ ਹੈ। ਮੈਥੋਂ ਰਬਾਬ ਲੈ ਜਾਹ।" ਇਹ ਆਖ ਕੇ ਪਤਾ ਨਹੀਂ ਉਸਨੇ ਕਿਥੋਂ ਕਢ ਕੇ ਰਬਾਬ ਦੇ ਦਿੱਤੀ। ਮਰਦਾਨਾ ਰਬਾਬ ਲੈ ਕੇ ਬਹੁਤ ਖ਼ੁਸ਼ ਤੇ ਅਸਚਰਜ ਹੋਇਆ। ਕਹਿਣ ਲੱਗਾ, "ਇਸਦਾ ਮੁੱਲ ਦੱਸੋ।" ਫਿਰੰਦੇ ਨੇ ਕਿਹਾ, "ਤੁਹਾਡੇ ਕੋਲ ਇਸਦਾ ਮੁੱਲ ਨਹੀਂ ਹੈ। ਨਾ ਮੈਂ ਇਸ ਦਾ ਮੁੱਲ ਹੀ ਲੈਣਾ ਹੈ।" ਮਰਦਾਨੇ ਨੇ ਕਿਹਾ, "ਇਹ ਰਬਾਬ ਤੁਸੀਂ ਕਿਸ

ਤਰ੍ਹਾਂ ਦਿੰਦੇ ਹੋ, ਜਿਸ ਦਾ ਮੁੱਲ ਨਹੀਂ ਲੈਂਦੇ। ਸਾਰੀ ਗੱਲ ਦੱਸੋ ਤੇ ਮੇਰਾ ਸੰਸਾ ਦੂਰ ਕਰੋ।" ਭਾਈ ਫਿਰੰਦੇ ਨੇ ਕਿਹਾ, "ਇਹ ਰਬਾਬ ਇਸ ਲੋਕ ਦੀ ਨਾ ਜਾਣ। ਗੁਰੂ ਨਾਨਕ ਦੇਵ ਜੀ ਤੋਂ ਬਗ਼ੈਰ ਇਹ ਰਬਾਬ ਹੋਰ ਕਿਸੇ ਅੱਗੇ ਨਹੀਂ ਵਜਾਉਣੀ। ਮਰਦਾਨੇ, ਇਸਨੂੰ ਗੁਰੂ ਜੀ ਅੱਗੇ ਹੀ ਵਜਾਈਂ। ਮੈਂ ਤੇਰੇ ਨਾਲ ਚੱਲਦਾ ਹਾਂ।" ਇਹ ਆਖ ਕੇ ਦੋਵੇਂ ਜਣੇ ਤੁਰ ਪਏ।

ਗੁਰੂ ਜੀ ਕੋਲ ਆ ਕੇ ਦੋਵਾਂ ਨੇ ਮੱਥਾ ਟੇਕਿਆ। ਨੌਵੇਂ ਦਿਨ ਮਰਦਾਨਾ ਰਬਾਬ ਲੈ ਕੇ ਆਇਆ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਤੂੰ ਬਹੁਤ ਦਿਨ ਲਾਏ ਹਨ। ਕੀ ਗੱਲ ਹੋਈ ?" ਮਰਦਾਨੇ ਨੇ ਕਿਹਾ, "ਆਪ ਜੀ ਸਭ ਕੁਝ ਜਾਣਦੇ ਹੋ। ਤਿੰਨਾਂ ਦਿਨਾਂ ਵਿਚ ਉਥੇ ਪਹੁੰਚਿਆ ਤੇ ਤਿੰਨ ਦਿਨ ਇਨ੍ਹਾਂ ਨੂੰ ਲੱਭਣ 'ਤੇ ਲੱਗ ਗਏ। ਤਿੰਨ ਦਿਨ ਆਉਂਦਿਆਂ ਲੱਗ ਗਏ ਹਨ।"

ਭਾਈ ਫਿਰੰਦੇ ਨੇ ਕਿਹਾ, "ਮੈਨੂੰ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਤੇ ਰਬਾਬ ਦੇਣ ਦੀ ਇੱਛਾ ਸੀ। ਹੁਣ ਮੈਂ ਆਪ ਜੀ ਦੇ ਦਰਸ਼ਨ ਕਰਕੇ ਬਹੁਤ ਖ਼ੁਸ਼ ਹੋਇਆ ਹਾਂ। ਆਪ ਜੀ ਅੰਤਰਜਾਮੀ ਸਭ

ਕੁਝ ਜਾਣਦੇ ਹੋ।" ਇਹ ਕਹਿ ਕੇ ਉਹ ਜਾਣ ਲੱਗਾ। ਗੁਰੂ ਜੀ ਨੇ ਉਸ ਨੂੰ ਵਿਦਾ ਕਰਨ ਵਾਸਤੇ ਮਰਦਾਨੇ ਨੂੰ ਭੇਜਿਆ। ਉਹ ਕੁਝ ਕੁ ਦੂਰ ਜਾ ਕੇ ਗੁਪਤ ਹੋ ਗਿਆ। ਇਹ ਵੇਖ ਕੇ ਮਰਦਾਨਾ ਬਹੁਤ ਹੈਰਾਨ ਹੋਇਆ।

ਗੁਰੂ ਜੀ ਨੇ ਕਿਹਾ, "ਮਰਦਾਨੇ ! ਉਸਨੂੰ ਕਿਥੋਂ ਤਕ ਛਡ ਕੇ ਆਇਆ ਹੈਂ ?" ਮਰਦਾਨੇ ਨੇ ਕਿਹਾ, "ਉਹ ਕੁਝ ਕੁ ਦੂਰ ਜਾ ਕੇ ਦਿਸਣੋਂ ਹਟ ਗਿਆ। ਗੁਰੂ ਜੀ ! ਇਹ ਬੰਦਾ ਕੌਣ ਸੀ ?" ਗੁਰੂ ਜੀ ਨੇ ਕਿਹਾ, "ਇਹ ਗੰਧਰਬਾਂ ਵਿਚੋਂ ਸੰਤ ਸੀ। ਇਹ ਬਹੁਤ ਪ੍ਰੇਮ ਨਾਲ ਪਰਮੇਸ਼ਰ ਦਾ ਜਸ ਕਰਦਾ ਹੈ। ਇਸਨੂੰ ਬਹੁਤ ਸਮੇਂ ਤੋਂ ਸਾਨੂੰ ਰਬਾਬ ਦੇਣ ਦੀ ਇੱਛਾ ਸੀ। ਹੁਣ ਰਬਾਬ ਵਜਾ।" ਜਦੋਂ ਮਰਦਾਨੇ ਨੇ ਰਬਾਬ ਵਜਾਈ ਤਾਂ ਉਸ ਵਿਚੋਂ ਅਵਾਜ਼ ਆਈ, "ਤੂੰ ਹੀ ਨਿਰੰਕਾਰ, ਤੂੰ ਹੀ ਨਿਰੰਕਾਰ।" ਇਹ ਸੁਣ ਕੇ ਗੁਰੂ ਜੀ ਦੀ ਦੋ ਦਿਨ ਸਮਾਧੀ ਲੱਗੀ ਰਹੀ। ਤੀਜੇ ਦਿਨ ਸਮਾਧੀ ਖੁੱਲ੍ਹੀ।

# ਪ੍ਰਸ਼ਨ

੧. ਬਾਬਾ ਕਾਲੂ ਜੀ ਨੇ ਮਰਦਾਨੇ ਨੂੰ ਗੁਰੂ ਜੀ ਪਾਸ ਕਿਉਂ ਭੇਜਿਆ ਸੀ ?

੨. ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਲੈਣ ਵਾਸਤੇ ਕਿਥੇ ਤੇ ਕਿਸ ਦੇ ਪਾਸ ਭੇਜਿਆ ਸੀ ?

੩. ਜਦੋਂ ਬੇਬੇ ਨਾਨਕੀ ਜੀ ਨੇ ਗੁਰੂ ਜੀ ਨੂੰ ਚੇਤੇ ਕੀਤਾ ਤਾਂ ਗੁਰੂ ਜੀ ਨੇ ਕੀ ਕਿਹਾ ?

੪. ਭਾਈ ਫਿਰੰਦੇ ਨੇ ਮਰਦਾਨੇ ਨੂੰ ਕੀ ਕਿਹਾ ?

੫. ਗੁਰੂ ਜੀ ਨੇ ਭਾਈ ਫਿਰੰਦੇ ਦੇ ਬਾਰੇ ਮਰਦਾਨੇ ਨੂੰ ਕੀ ਦੱਸਿਆ ?